*ਸੰਪਾਦਕੀ*

# ਪੰਜਾਬੀ ਨੌਜਵਾਨ : ਨਵੇਂ ਸਾਲ 'ਚ ਕੀ ਕਰਨ ?

ਲਗਪਗ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਨੇ 'ਉੜਤਾ ਪੰਜਾਬ' ਤੱਕ ਦਾ ਸਫ਼ਰ ਤੈਅ ਕੀਤਾ ਹੈ। ਪੁਸਤਕ ਸਭਿਆਚਾਰ 'ਤੇ ਪਾਸਪੋਰਟ ਕਲਚਰ ਭਾਰੂ ਪੈ ਗਿਆ। ਨੌਜਵਾਨ ਕਈ ਕਿਸਮਾਂ ਦੇ ਹੱਥਕੰਡੇ ਅਪਣਾਉਂਦੇ ਹੋਏ ਵਿਭਿੰਨ ਦੇਸ਼ਾਂ ਵਿੱਚ ਜਾ ਪਹੁੰਚੇ। ਆਪਣੇ ਨਾਂ ਨਾਲ ਵੀ ਉਸ ਦੇਸ਼ ਦਾ ਨਾਂ ਜੋੜ ਲਿਆ। ਗਰੀਨ ਕਾਰਡ ਜਾਂ ਪੀ.ਆਰ. ਲੈ ਕੇ ਆਪਣੇ ਆਪ ਨੂੰ 'ਸਪੈਸ਼ਲ' ਸਮਝਦੇ ਤਾਂ ਕਬੱਡੀ ਟੂਰਨਾਮੈਂਟ ਅਤੇ ਹੋਰ ਨੱਚਣ ਟੱਪਣ ਵਾਲੇ ਪ੍ਰੋਗਰਾਮਾਂ ਵਿੱਚ ਸੁਣਦੇ ਰਹੇ-"ਇੰਨੇ ਡਾਲਰ ਦੇ ਰਹੇ ਨੇ ਬਿੱਟੂ ਅਮਰੀਕਾ ਵਾਲੇ, ਇੰਨੇ ਪੌਂਡ ਵਾਰ ਦਿੱਤੇ ਕਾਲੇ ਵਲੈਤੀਏ ਨੇ, ਯੂਰੋ ਦੀ ਝੜੀ ਲਾ ਦਿੱਤੀ ਸੇਵਾ ਸਿੰਘ ਜਰਮਨੀ ਨੇ।" ਪੰਜਵੀਂ ਫੇਲ੍ਹ ਵੀ ਬੀ.ਏ. ਕਰ ਰਹੀ ਸੁੰਦਰ ਮੁਟਿਆਰ ਨੂੰ ਵਿਆਹ ਦਾ ਪ੍ਰਸਤਾਵ ਭੇਜਦੇ ਤਾਂ ਲੜਕੀ ਵਾਲੇ 'ਧੰਨ ਭਾਗ ਸਾਡੇ' ਕਹਿ ਰੱਬ ਦਾ ਸ਼ੁਕਰ ਮਨਾਉਂਦੇ। ਪੰਜਾਬ ਵਿੱਚ ਕਿਸੇ ਘਰ ਪੁੱਤਰ ਦੇ ਜਨਮ ਲੈਣ ਮੌਕੇ ਇੰਜ ਜਾਪਦੈ ਇੱਕ ਹੋਰ ਪਾਸਪੋਰਟ ਪੈਦਾ ਹੋ ਗਿਆ।

ਸਮੇਂ ਨੇ ਕਰਵਟ ਲਈ। ਆਈ ਲੈਟਸ ਸੈਂਟਰਾਂ ਦੀ ਭਰਮਾਰ ਨੇ ਜਵਾਨ ਕੁੜੀਆਂ ਲਾਈਨ ਵਿੱਚ ਲਗਾ ਦਿੱਤੀਆਂ। ਕੁੜੀਆਂ ਦਾ ਕਾਲ ਪੈ ਗਿਆ। ਇੰਗਲੈਂਡ, ਕਨੇਡਾ ਅਤੇ ਹੋਰ ਦੇਸ਼ਾਂ ਵਿੱਚ ਇਹਨਾਂ ਪੰਜਾਬੀ ਕੁੜੀਆਂ ਨੇ ਨਵੀਂ ਜਿਹੀ ਜ਼ਿੰਦਗੀ ਦਾ ਖਾਕਾ ਤਿਆਰ ਕਰ ਲਿਆ। ਸਲਵਾਰ-ਕਮੀਜ਼ ਦੀ ਛੁੱਟੀ ਹੋ ਗਈ। ਲੁੰਡੀ ਸ਼ਰਟ ਅਤੇ ਜੀਨ ਦੀ ਪੈਂਟ ਦਾ ਦਬਦਬਾ ਕਾਇਮ ਹੋ ਗਿਆ। ਅਜਿਹੇ ਦੌਰ ਵਿੱਚ ਵਿਆਹ ਕਰਵਾਉਣ ਦੀ ਆਸ ਵਿੱਚ ਬਾਹਰਲੇ ਦੇਸ਼ਾਂ ਵਿੱਚੋਂ ਨੌਜਵਾਨ ਪੰਜਾਬ ਆਉਂਦੇ ਹਨ ਤਾਂ ਵਿਆਹ ਦੀ ਆਸ ਧੂੜ ਮਿੱਟੀ ਹੋ ਰਹੀ ਹੈ।

ਸਮਾਂ ਤਾਂ ਕਰਵਟ ਲੈਂਦਾ ਰਿਹਾ। ਬਾਹਰਲੇ ਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕੇ ਖਤਮ ਹੋ ਗਏ। ਰੋਟੀ, ਕੱਪੜੇ, ਮਕਾਨ ਲਈ ਦਰ ਦਰ ਭਟਕਣਾ ਪਿਆ। ਉਪਰੋਂ ਸਿੰਥੈਟਿਕ ਡਰੱਗਜ ਦੀ ਮਾਰ। ਪੰਜਾਬ ਵਿੱਚ ਰਹਿ ਰਹੇ ਮਾਪਿਆਂ ਦੀ ਅਕਲ 'ਤੇ ਲੱਗਾ ਤਾਲਾ ਆਪਣੇ ਆਪ ਖੁੱਲ੍ਹ ਗਿਆ। ਵਿਆਹ ਦੀ ਉਮਰ ਵਾਲੀਆਂ ਲੜਕੀਆਂ ਦੇ ਮਾਪੇ ਕਹਿਣ ਲੱਗ ਪਏ - "ਸਾਨੂੰ ਬਾਹਰ ਦਾ ਲਫੰਡਰ ਨਹੀਂ ਚਾਹੀਦਾ, ਇੱਥੇ ਰਹਿ ਕੇ 25-30 ਹਜ਼ਾਰ ਕਮਾਉਂਦਾ ਹੋਵੇ, ਉਹ ਹੀ ਚੰਗੈ।" ਅਜੇ ਵੀ ਸੀਲ ਹੋਏ ਬਾਰਡਰਾਂ ਵੱਲ ਝਾਕ ਰਹੇ ਪੰਜਾਬੀ ਨੌਜਵਾਨ ਆਪਣੀਆਂ ਜ਼ਮੀਨਾਂ ਵੱਲ ਮੂੰਹ ਕਿਉਂ ਨਹੀਂ ਕਰਦੇ, ਜਿੱਥੇ ਉਹਨਾਂ ਦੇ ਪੁਰਖਿਆਂ ਦੇ ਪਸੀਨੇ ਦੀ ਮਹਿਕ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਅੱਜ ਰਿਪੇਅਰ ਲਈ ਬਿਜਲੀ ਮਕੈਨਿਕ ਦੀ ਲੋੜ ਪਵੇ, ਦਰਵਾਜੇ-ਖਿੜਕੀਆਂ ਠੀਕ ਕਰਵਾਉਣ ਲਈ ਕਾਰਪੇਂਟਰ ਚਾਹੀਦਾ ਹੋਵੇ, ਟੈਲੀਵਿਜ਼ਨ ਜਾਂ ਗੈਸ ਚੁੱਲੇ ਦਾ ਮਕੈਨਿਕ



ਲੋੜੀਂਦਾ ਹੋਵੇ, ਵੈਲਡਰ, ਪਲੰਬਰ ਜਾਂ ਫਿਲਟਰ ਦੀ ਸਰਵਿਸ ਕਰਨ ਵਾਲਾ ਜੁਗਾੜੀ ਚਾਹੀਦਾ ਹੋਵੇ ਤਾਂ ਫ਼ੋਨ ਕਰ ਕਰ ਹੱਥਾਂ ਦੀਆਂ ਉਂਗਲਾਂ ਘਸ ਜਾਂਦੀਆਂ ਹਨ। ਇਹ ਸਾਰੇ ਧੰਦਿਆਂ ਦੀ ਭਾਰੀ ਮੰਗ ਹੈ ਤਾਂ ਪੰਜਾਬੀ ਨੌਜਵਾਨ ਇਹਨਾਂ ਧੰਦਿਆਂ 'ਚੋਂ ਕੋਈ ਇੱਕ ਕਿਉਂ ਨਹੀਂ ਅਪਣਾਉਂਦੇ ? ਜ਼ਮੀਨਾਂ ਵਿੱਚ ਫਸਲਾਂ ਤੋਂ ਬਿਨਾਂ ਰੋਜ਼ਾਨਾ ਆਮਦਨ ਦੇਣ ਵਾਲੀਆਂ ਸਬਜ਼ੀਆਂ ਕਿਉਂ ਨਹੀਂ ਪੈਦਾ ਕਰਦੇ। ਇਹਨਾਂ ਨੌਜਵਾਨਾਂ ਦੇ ਮਾਪੇ ਆਪਣੇ ਅੰਦਰ ਝਾਤੀ ਮਾਰਨ ਅਤੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ, ਕਾਲਜਾਂ ਵਿੱਚ ਪੜ੍ਹਾਈ ਕਰਨ ਲਈ ਪ੍ਰੇਰਨ। ਪੰਜਾਬ ਵਿੱਚ ਅਨਮੋਲ ਖਜ਼ਾਨੇ ਦੀਆਂ ਅਮੀਰ ਪਰਤਾਂ ਹਨ। ਇਹਨਾਂ ਦੀ ਸ਼ਨਾਖਤ ਕਰਨ ਲਈ ਸਮਝਦਾਰ ਅੱਖ ਦੀ ਲੋੜ ਹੈ।

**-ਪ੍ਰੋ. ਸਤਵਿੰਦਰ ਬੇਗੋਵਾਲੀਆ**
**ਸੰਪਰਕ** 98154-65620

# ਲਘੂ ਨਾਟਕ

## ਕਲਮਕਾਰ

**ਪ੍ਰੋ. ਸਤਵਿੰਦਰ ਬੇਗੋਵਾਲੀਆ**

**ਕਾਮਰੇਡ :** **ਕਵੀ ਅਤੇ ਸਮੀਖਿਅਕ, ਉਮਰ 70 ਸਾਲ**
**ਹਿੰਮਤ ਸਿੰਘ :** **ਨਾਟਕਕਾਰ, 50 ਸਾਲ**
**ਨੱਥਾ ਸਿੰਘ :** **ਕਾਮਰੇਡ ਦਾ ਮਿੱਤਰ, 65 ਸਾਲ**
**ਘੁੱਗ :** **ਇੱਕ ਵਿਗੜਿਆ ਨੌਜਵਾਨ, 25 ਸਾਲ**
**ਥਾਣੇਦਾਰ**
**ਸਿਪਾਹੀ**
**ਸਕੱਤਰ**
**ਸਿੰਧੂ :** **ਹਾਸਰਸ ਕਵੀ**
**ਪਹਿਲਵਾਨ :** **ਦੋਧੀ**

## ਦ੍ਰਿਸ਼ ਇੱਕ

ਸਥਾਨ : ਸਾਹਿਤ ਸਭਾ ਦੀ ਮੀਟਿੰਗ ਦਾ ਕੋਈ ਵੀ ਸਥਾਨ

(ਕਾਮਰੇਡ, ਨਾਟਕਕਾਰ ਹਿੰਮਤ ਸਿੰਘ ਅਤੇ ਦੋ ਤਿੰਨ ਹੋਰ ਲੇਖਕ ਸਾਹਿਤ ਸਭਾ ਦੀ ਮੀਟਿੰਗ ਵਿੱਚ ਕੁਰਸੀਆਂ 'ਤੇ ਬਿਰਾਜਮਾਨ ਹਨ। ਕਾਮਰੇਡ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਹੈ।)

ਸਕੱਤਰ : ਸਾਥੀਓ, ਸਾਰੇ ਹੀ ਸਾਹਿਤਕਾਰ ਸਾਥੀਆਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ ਹੈ। ਖੁਸ਼ੀ ਨਾਲ ਸਰਸ਼ਾਰ ਹਾਂ ਕਿ ਅੱਜ ਦੀ ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਸਾਹਿਬ ਕਰ ਰਹੇ ਹਨ। ਉਹਨਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਪੇਸ਼ ਹੋਈਆਂ ਰਚਨਾਵਾਂ ਸਬੰਧੀ ਕੁੱਝ ਸ਼ਬਦ ਪੇਸ਼ ਕਰਨ ਅਤੇ ਸੁਝਾਅ ਵੀ ਦੇਣ।

ਕਾਮਰੇਡ : ਹਾਜ਼ਰੀਨ, ਸਾਰੀਆਂ ਰਚਨਾਵਾਂ ਸੁਣ ਲਈਆਂ। ਕਿਸੇ ਲਿਖਤ ਬਾਰੇ ਗੱਲ ਤਾਂ ਹੀ ਹੁੰਦੀ ਏ ਜੇ ਉਸ 'ਚ ਕੋਈ ਕਣੀ ਹੋਵੇ। ਕੱਲ੍ਹ ਮੈਂ ਆਪਣੀ ਨਵੀਂ ਕਾਵਿ ਪੁਸਤਕ ਨੂੰ ਆਖਰੀ ਛੋਹ ਦੇ ਰਿਹਾ ਸੀ ਤਾਂ ਇਸ ਸਭਾ ਦੇ ਸਕੱਤਰ ਦਾ ਫੋਨ ਆ ਗਿਆ ਕਿ ਇੱਥੇ ਪ੍ਰਧਾਨਗੀ ਕਰੋ। ਦੋ ਸਾਲ ਪਹਿਲਾਂ ਵੀ ਇੱਥੇ ਆਇਆ ਸੀ....ਗੱਡੀ ਉਥੇ ਹੀ ਖੜ੍ਹੀ ਨਜ਼ਰ ਆਈ, ਗਿਅਰ ਨਹੀਂ ਨਿਕਲਿਆ ਜਾਪਦੈ।

ਸਕੱਤਰ : ਕਾਮਰੇਡ ਜੀ, ਤੁਸੀਂ ਸਾਡੇ ਬੜੇ ਸਤਿਕਾਰਯੋਗ ਸੀਨੀਅਰ ਲੇਖਕ



ਹੋ। ਤੁਸੀਂ ਮੇਰੀ ਪੇਸ਼ ਕੀਤੀ ਗਈ ਮਿੰਨੀ ਕਹਾਣੀ ਬਾਰੇ ਕੋਈ ਸੁਝਾਅ ਹੀ ਦੇ ਦਿਓ, ਸਾਡੀ ਕਲਮ ਨੂੰ ਕੋਈ ਲਾਹਾ ਹੋ ਜਾਏ।

ਕਾਮਰੇਡ : ਮਿੰਨੀ ਕਹਾਣੀ ਸੀ ਕਿ ਚੁਟਕਲਾ? ਚੁਟਕਲੇ ਨੂੰ ਸੋਧਾ ਕਿੰਜ ਲਾਵਾਂ।

ਸਕੱਤਰ : ਤੁਸੀਂ ਸੋਧਾ ਲਾ ਕੇ ਨਵਾਂ ਰੂਪ ਦੇ ਦਿਓ, ਚੱਟਣੀ ਹੀ ਬਣਾ ਦਿਓ ਇਹਦੀ।

ਕਾਮਰੇਡ : ਚੱਟਣੀ ਦੀ ਹੋਰ ਚੱਟਣੀ ਕਿਵੇਂ ਬਣਾਵਾਂ। ਲਈ ਜਾਓ ਸਵਾਦ ਚੱਟਣੀ ਦਾ, ਘੜੀ ਤੁਹਾਡੇ ਮੂੰਹ ਦਾ ਸਵਾਦ ਬਦਲ ਜਾਵੇਗਾ।

(ਸਕੱਤਰ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ ਸਪੱਸ਼ਟ ਨਜ਼ਰ ਆਉਂਦੇ ਹਨ)

ਸਕੱਤਰ : (ਘਬਰਾਹਟ ਵਿੱਚ) ਪਰ....ਮੇਰੀ ਰਚਨਾ ਵਿੱਚ ਕੋਈ ਨਾ ਕੋਈ ਵਿਚਾਰ ਤਾਂ ਸੀ ਨਾ?

ਕਾਮਰੇਡ : ਵਿਚਾਰ? ਵਿਚਾਰ ਬਿਮਾਰ ਸੀ।

ਹਿੰਮਤ ਸਿੰਘ : ਕਾਮਰੇਡ ਸਾਹਿਬ ਨੇ ਮਿੰਨੀ ਕਹਾਣੀ ਦੀ ਠੀਕ ਸਮੀਖਿਆ ਕੀਤੀ ਏ। ਮਿੰਨੀ ਕਹਾਣੀ ਦੀ ਸ਼ੁਰੂਆਤ ਬੜੀ ਭਾਵਪੂਰਤ ਅਤੇ ਅੰਤ ਨਾਟਕੀ ਲਹਿਜ਼ੇ ਵਿੱਚ ਹੋਣਾ ਚਾਹੀਦੈ।

ਕਾਮਰੇਡ : (ਟੋਕਦੇ ਹੋਏ) ਅੰਤ ਨਾਟਕੀ ਲਹਿਜ਼ੇ ਵਿੱਚ! ਨਾਟਕਕਾਰ ਨੂੰ ਨਾਟਕ ਦਾ ਬੜਾ ਫਿਕਰ ਖਾਂਦੈ। ਅੱਜ ਤਾਂ ਨਾਟਕਕਾਰ ਵੀ ਕਵੀ ਕਹਾਉਣ ਲਈ ਪੂਰੀ ਵਾਹ ਲਾਉਂਦਾ ਰਿਹੈ। ਉਹ ਸ਼ੇਅਰ ਸਾਂਝਾ ਕਰਿਓ ਵਿਕਾਸ ਦਰ ਵਾਲਾ....

ਹਿੰਮਤ ਸਿੰਘ : ਉਹ ਤਾਂ ਨਾਟਕੀ ਬੋਲ ਸਨ।

ਕਾਮਰੇਡ : ਤੁਸੀਂ ਪੇਸ਼ ਤਾਂ ਕੀਤੇ ਸਨ ਇੱਕ ਸ਼ਾਇਰ ਵਾਂਗ। ਸ਼ਾਇਰੀ ਭਾਲਦੇ ਭਾਲਦੇ ਕਿਤੇ ਨਾਟਕ ਨਾ ਗੁਆਚ ਜਾਏ ਮੇਲੇ ਵਿੱਚ।

ਹਿੰਮਤ ਸਿੰਘ : ਨਾਟਕ ਮੇਰੀ ਰਗ ਰਗ 'ਚ ਵਸਦੈ। ਸੁਣਿਓ, ਜੋ ਬੋਲ ਮੈਂ ਸਾਂਝੇ ਕੀਤੇ ਸਨ:

ਵਿਕਾਸ ਦਰ ਦਾ ਤਾਂ ਪਤਾ ਨਹੀਂ
ਪਰ ਵੱਡਾ ਟੀਚਾ ਬਣਾਵਾਂਗਾ।
ਆਉਂਦੇ ਪੰਜ ਸਾਲ 'ਚ
ਦਸ ਗੁਣਾ ਪਸੀਨਾ ਵਹਾਵਾਂਗਾ।

ਮੈਂ ਤਾਂ ਨਾਟਕ ਵਿਧਾ ਦੇ ਦ੍ਰਿਸ਼ਟੀਕੋਣ ਤੋਂ ਹੀ ਲਿਖੇ ਨੇ। ਤੁਸੀਂ ਇਨ੍ਹਾਂ ਸ਼ਬਦਾਂ ਦਾ ਬਿਹਤਰ ਬਦਲ ਲੱਭ ਦਿਓ, ਤੁਹਾਡਾ ਸ਼ੁਕਰ ਗੁਜ਼ਾਰ ਹੋਵਾਂਗਾ।

ਕਾਮਰੇਡ : ਤੁਸੀਂ ਨਾਟਕੀ ਅੰਦਾਜ਼ ਵਿੱਚ ਲਿਖੇ ਨੇ, ਇਸ ਵੰਨਗੀ 'ਚ ਮੇਰਾ

ਹੱਥ ਤੰਗ ਹੀ ਏ। ਕਾਵਿ ਅਤੇ ਕਹਾਣੀ ਦੀਆਂ ਵੰਨਗੀਆਂ ਬਾਰੇ ਸ਼ਬਦ ਸਾਂਝੇ ਕਰਦੇ ਹੀ ਰਹਿੰਦੇ ਹਾਂ। ਹਾਸਰਸ ਬਾਰੇ ਕੁੱਝ ਪੇਸ਼ ਕੀਤਾ ਸੀ ਕਿਸੇ ਸੱਜਣ ਨੇ। ਕੀ ਨਾਂ ਏ ਤੁਹਾਡਾ?

(ਕਾਮਰੇਡ, ਸਿੰਧੂ ਵੱਲ ਇਸ਼ਾਰਾ ਕਰਦਾ ਹੈ)

ਸਿੰਧੂ : ਜੀ ਮੇਰਾ ਨਾਂ ਸਿੰਧੂ ਸੁਲਤਾਨ ਏ।

ਕਾਮਰੇਡ : ਵਾਹ! ਨਾਂ ਰੱਖ ਕੇ ਉੱਚਾ ਬੁਰਜ ਲਾਹੌਰ ਦਾ ਫਤਿਹ ਕਰ ਲਿਐ। ਸੁਣਾਓ ਜ਼ਰਾ ਗਲੀ ਵਿੱਚੋਂ ਲੰਘਣ ਵਾਲੀ ਕੁੜੀ ਬਾਰੇ ਇੱਕ ਵਾਰ ਫੇਰ :

ਸਿੰਧੂ : (ਘਬਰਾਹਟ ਵਿੱਚ) ਮੇਰੇ ਘਰ ਮੂਹਰੇ ਲੰਘ ਰਹੀ ਸੀ ਸੋਹਣੀ
ਮੈਂ ਉਹਨੂੰ ਕੀਤੀ ਟਿੱਚਰ ਕਰਾਰੀ ਸੀ।
ਹੋਸ਼ ਟਿਕਾਣੇ ਆ ਗਈ ਮੇਰੀ
ਜਦ ਉਸ ਮੇਰੇ ਮੂੰਹ 'ਤੇ ਠਾਹ ਚਪੇੜ ਮਾਰੀ ਸੀ।

ਕਾਮਰੇਡ : ਨਹਿਰੇ 'ਤੇ ਦਲਿਤਾ ਖੜਕਾ ਦਿੱਤੈ ਕੁੜੀ ਨੇ। ਇਹੋ ਜਿਹਾ ਤਾਂ ਉਹ ਸਕੂਲੀ ਨਿਆਣੇ ਵੀ ਲਿਖ ਲੈਂਦੇ ਨੇ ਜਿਨ੍ਹਾਂ ਨੂੰ ਨੱਕ ਪੂੰਝਣੀ ਨਹੀਂ ਆਉਂਦੀ।

ਹਿੰਮਤ ਸਿੰਘ : ਸਿੰਧੂ ਹੁਰਾਂ ਨੂੰ ਛੱਡੋ, ਅਸੀਂ ਇਨ੍ਹਾਂ ਨੂੰ ਕਦੇ ਗੰਭੀਰਤਾ ਨਾਲ ਲਿਆ ਹੀ ਨਹੀਂ।

ਕਾਮਰੇਡ : (ਹਿੰਮਤ ਸਿੰਘ ਨੂੰ) ਤੇ ਤੁਹਾਡੀ ਗੰਭੀਰਤਾ ਕਿਧਰ ਪਰਿਕਰਮਾ ਪਈ ਕਰਦੀ ਏ?

ਹਿੰਮਤ ਸਿੰਘ : ਦੋ ਨੌਜਵਾਨਾਂ ਨੇ ਆਪਣੇ ਲਿਖੇ ਹੋਏ ਅਗਾਂਹ ਵਧੂ ਵਿਚਾਰਧਾਰਾ ਵਾਲੇ ਗੀਤ ਗਾਏ ਨੇ। ਇਨ੍ਹਾਂ ਸਬੰਧੀ ਤੁਹਾਡਾ ਕੀ ਪ੍ਰੀਤਕਰਮ ਏ ਕਾਮਰੇਡ ਸਾਹਿਬ?

ਕਾਮਰੇਡ : ਠੀਕ ਸੀ ਚਲਦੇ ਚਲਦੇ। ਸਿੱਧੀ ਸਪਾਟ ਸ਼ਬਦਾਵਲੀ ਵਿੱਚ ਸਨ। ਲੋਕ ਬੋਲੀ ਹੀ ਇਨ੍ਹਾਂ ਗੀਤਾਂ ਦੀ ਪ੍ਰਾਪਤੀ ਸੀ।

ਹਿੰਮਤ ਸਿੰਘ : ਗੀਤ ਤਾਂ ਲੋਕ ਬੋਲੀ ਵਿੱਚ ਹੀ ਰਚੇ ਜਾਂਦੇ ਨੇ। ਕਵਿਤਾ ਜਾਂ ਗ਼ਜ਼ਲ ਭੇਤ ਭਰੀ ਹੋ ਸਕਦੀ ਏ, ਜਿਸ ਦੀ ਤਹਿ ਤੱਕ ਪਹੁੰਚਣ ਲਈ ਕਾਫੀ ਤਰੱਦਦ ਕਰਨਾ ਪੈਂਦੈ। ਪਰ ਜ਼ਿਆਦਾਤਰ ਗੀਤਕਾਰ ਲੋਕ ਬੋਲੀ ਵਿੱਚ ਹੀ ਲਿਖਦੇ ਨੇ।

ਕਾਮਰੇਡ : ਮੁੱਲਾਂ ਦੀ ਦੌੜ ਮਸੀਤ ਤੱਕ ਹੀ, ਸਮਝ ਗਏ?

ਹਿੰਮਤ ਸਿੰਘ : ਇਨ੍ਹਾਂ ਨੌਜਵਾਨ ਗਾਇਕਾਂ ਦੇ ਕਲਮੀ ਸਫ਼ਰ ਦੀ ਸ਼ੁਰੂਆਤ ਏ। ਮੈਂ ਇਸ ਨੂੰ ਸਫ਼ਲ ਅਗਾਜ਼ ਕਹਿਣਾ ਚਾਹਾਂਗਾ।

ਕਾਮਰੇਡ : ਲਾਓ ਸਿਫ਼ਤਾਂ ਦੀ ਝੜੀ। ਇਸ ਝੜੀ 'ਚ ਇਨ੍ਹਾਂ ਦੇ ਪੈਰ ਨਹੀਂ ਲੱਗਣੇ ਜ਼ਮੀਨ 'ਤੇ, ਸਾਰੇ ਰਾਤੋ ਰਾਤ ਸੁਪਰ ਸਟਾਰ



ਬਣ ਜਾਣਗੇ!

ਹਿੰਮਤ ਸਿੰਘ : ਵਾਜਬ ਜਿਹੀ ਸ਼ਾਬਾਸ਼ ਦੇ ਤਾਂ ਹੱਕਦਾਰ ਹੈ ਨਾ? ਤੁਸੀਂ ਗੀਤਾਂ ਦੀ ਸ਼ਬਦਾਵਲੀ ਦੀ ਚਲਦੀ ਚਲਦੀ ਗੱਲ ਕੀਤੀ ਏ। ਗਾਇਣ ਬਾਰੇ ਕੋਈ ਟਿੱਪਣੀ ਕਰਨੀ ਬਣਦੀ ਸੀ।

ਕਾਮਰੇਡ : ਸਕੱਤਰ ਆਪੇ ਕਰ ਲਏਗਾ ਟਿੱਪਣੀ। ਸੌਂ ਤਾਂ ਨਹੀਂ ਗਿਆ?

ਸਕੱਤਰ : ਮੈਂ....ਜੀ ਤੁਸੀਂ ਦੋਵੇਂ ਵਾਹਵਾ ਰੌਣਕ ਲਾਈ ਏ। ਅਸੀਂ ਤਾਂ ਅਜੇ ਨਿਆਣੇ ਹੀ ਹਾਂ।

ਕਾਮਰੇਡ : ਸਾਰੀ ਉਮਰ ਨਿਆਣੇ ਹੀ ਰਹੋਗੇ, ਦਸ ਸਾਲ ਹੋ ਗਏ ਸਭਾ ਦੀ ਸਕੱਤਰੀ ਕਰਦੇ। ਬਾਕੀ ਨਾਟਕਕਾਰ ਤੇਰਾ ਕੰਮ ਕਰੀ ਜਾ ਰਿਹੈ। ਗਾਇਕਾਂ ਨੂੰ ਫੂਕ ਛਕਾਈ ਜਾਓ, ਜਦ ਤੱਕ ਅਗਲਿਆਂ ਦਾ ਦਿਮਾਗ ਨਹੀਂ ਖਰਾਬ ਹੋ ਜਾਂਦਾ।

ਹਿੰਮਤ ਸਿੰਘ : ਮੈਂ ਆਪਣੀ ਸੀਮਾ ਉਲੰਘ ਨਹੀਂ ਰਿਹਾ।

ਕਾਮਰੇਡ : ਪਿੰਡ ਟਾਹਲੀ ਦੇ ਦੋ ਸੱਕੇ ਭਰਾਵਾਂ ਦੀ ਕਵਿਤਾ ਦੀ ਸਮੀਖਿਆ ਕਰਕੇ ਸੀਮਾਵਾਂ ਦੇ ਪਰਖਚੇ ਕਿਸ ਉਡਾਏ?

ਹਿੰਮਤ ਸਿੰਘ : ਆਪਣੀ ਪਲੇਠੀ ਪੁਸਤਕ 'ਬੋਲ ਦੋ ਸੱਕੇ ਭਰਾਵਾਂ ਦੇ' ਵਿੱਚ ਦੋ ਨੌਜਵਾਨ ਭਰਾਵਾਂ ਨੇ ਜਿੱਥੇ ਆਪਣੀ ਜੰਮਣ ਭੋਇੰ ਪ੍ਰਤੀ ਬੜੀ ਸ਼ਿੱਦਤ ਨਾਲ ਮੋਹ ਦਾ ਪ੍ਰਗਟਾਵਾ ਕੀਤੈ, ਉੱਥੇ ਅਮਰੀਕਾ ਵਿੱਚ ਕਿਰਤ ਦੀ ਕਦਰ ਅਤੇ ਸਮਾਜਿਕ ਸਮਾਨਤਾ ਦੇ ਹੱਕ ਵਿੱਚ ਦ੍ਰਿੜ੍ਹਤਾ ਨਾਲ ਲਿਖਿਆ। ਉਸ ਪੁਸਤਕ ਦੀ ਮੈਂ ਨਿਰਪੱਖ ਹੋ ਕੇ ਸਮੀਖਿਆ ਕੀਤੀ ਏ।

ਕਾਮਰੇਡ : ਅਜੇ ਤਾਂ ਉਹ ਤੁਰੇ ਹੀ ਨੇ। ਤੁਸੀਂ ਉਨ੍ਹਾਂ ਨੂੰ ਅਰਸ਼ 'ਤੇ ਚਾੜ੍ਹ ਦਿੱਤੈ।

ਹਿੰਮਤ ਸਿੰਘ : ਮੈਂ ਤੁਹਾਡੇ ਵਾਂਗ ਨਹੀਂ ਸੋਚਦਾ ਕਿ ਕੌਣ ਫਰਸ਼ 'ਤੇ ਹੈ ਤੇ ਕੌਣ ਅਰਸ਼ 'ਤੇ ਜਾ ਚੜ੍ਹਿਐ। ਤੁਸੀਂ ਪੁਸਤਕ ਪੜ੍ਹ ਕੇ ਉਨ੍ਹਾਂ ਨੂੰ ਫਰਸ਼ 'ਤੇ ਲੈ ਆਓ।

ਕਾਮਰੇਡ : ਆਪੇ ਈ ਆ ਜਾਣਗੇ ਫਰਸ਼ 'ਤੇ। ਪਾਣੀ ਨਹੀਂ ਮੰਗਣਗੇ ਡਿੱਗਣ ਬਾਅਦ।... ਕਦੇ ਅਸੀਂ ਵੀ ਨੌਜਵਾਨ ਸੀ। ਲਹਿਰਾਂ 'ਚ ਕੁੱਦੇ, ਕਵਿਤਾ ਨੇ ਜਨਮ ਲਿਆ। ਕਾਲਜ ਵਿੱਚ ਪੜ੍ਹਦੇ ਵਕਤ ਬੜੀਆਂ ਚੁਣੌਤੀਆਂ ਸਨ ਕਾਲਜ ਪ੍ਰਬੰਧਕਾਂ ਤੇ ਸ਼ਰਾਰਤੀ ਅਨਸਰਾਂ ਤੋਂ।

ਹਿੰਮਤ ਸਿੰਘ : ਵਕਤ ਵਕਤ ਦੀ ਗੱਲ ਏ। ਅੱਜ ਦੇ ਹਾਲਾਤ ਬੜੇ ਚੁਣੌਤੀ ਭਰਪੂਰ ਨੇ। ਨੌਜਵਾਨਾਂ ਦੀਆਂ ਨਸ਼ਿਆਂ ਨਾਲ ਅੱਖਾਂ ਉਤਾਂਹ ਨੂੰ ਚੜ੍ਹੀਆਂ ਹੁੰਦੀਆਂ ਨੇ। ਹਨ੍ਹੇਰੀ ਵਾਂਗ ਮੋਟਰ ਸਾਈਕਲਾਂ ਦੁੜਾਉਂਦੇ

ਪਟਾਖੇ ਵਜਾਉਂਦੇ ਨੇ ਸੜਕਾਂ 'ਤੇ। ਹਜ਼ਾਰਾਂ ਪਿੱਛੇ ਕੋਈ ਵਿਰਲਾ ਹੀ ਸਾਹਿਤ ਨਾਲ ਪ੍ਰੀਤ ਪਾਉਂਦੈ।

ਕਾਮਰੇਡ : ਤਾਂ ਤੁਸੀਂ ਵਕੀਲ ਹੋ ਇਨ੍ਹਾਂ ਦੋ ਭਰਾਵਾਂ ਦੇ। ਫੀਸ ਕਿੰਨੀ ਕੁ ਲਈ ਏ ਸਮੀਖਿਆ ਲਿਖਣ ਦੀ ?

ਹਿੰਮਤ ਸਿੰਘ : (ਗੁੱਸੇ ਵਿੱਚ) ਫੀਸ ? ਤੁਹਾਡੀ ਸੋਚ...ਇੰਨੀ ਹੇਠਾਂ ਨੂੰ....ਮੈਂ ਤਾਂ ਸੋਚ ਸੋਚ ਕੇ....ਵਾਰੇ ਜਾਈਏ ਤੁਹਾਡੀ ਸੋਚ 'ਤੇ।

ਕਾਮਰੇਡ : ਸੱਟ ਜੜ੍ਹਾਂ ਨੂੰ ਪਈ ਏ ਸਿੱਧੀ ! ਸਲਤਨਤ ਡੋਲਣ ਲੱਗ ਪਈ ਏ ਤੇਰੀ।

ਹਿੰਮਤ ਸਿੰਘ : ਤੁਸੀਂ ਇੰਨੇ ਘਟੀਆ ਪੱਧਰ ਤੱਕ ਵੀ ਸੋਚ ਸਕਦੇ ਹੋ, ਇਹ ਗੱਲ ਅੱਜ ਪੱਲੇ ਪਈ ਏ।

ਕਾਮਰੇਡ : ਡਾਲਰਾਂ ਦੀ ਚਕਾਚੌਂਧ ਬੱਲੇ ਬੱਲੇ ਕਰਵਾ ਹੀ ਦਿੰਦੀ ਏ।

ਹਿੰਮਤ ਸਿੰਘ : ਤੁਸੀਂ ਆਪਣੇ ਆਪ ਨੂੰ ਕਾਮਰੇਡ ਕਹਿੰਦੇ ਹੋ। ਕਾਮਰੇਡ ਦਾ ਅਰਥ ਹੈ 'ਸਾਥੀ'। ਤੁਹਾਡੇ ਵਰਗੇ ਅਖੌਤੀ ਕਾਮਰੇਡਾਂ ਨੂੰ ਸੁਣਿਆਂ ਅਰਥ ਹੀ ਬਦਲ ਜਾਣਗੇ 'ਕਾਮਰੇਡ' ਸ਼ਬਦ ਦੇ।

ਕਾਮਰੇਡ : ਮੈਨੂੰ ਮਾਣ ਏ ਕਿ ਮੈਂ ਕਾਮਰੇਡ ਹਾਂ, ਲੋਕਾਂ ਦਾ ਸਾਥੀ।

ਹਿੰਮਤ ਸਿੰਘ : ਕਿੱਥੇ ਗਏ ਲੋਕ ? ਤੁਹਾਡਾ ਸਾਥ ਤਾਂ ਤੁਹਾਡਾ ਪਰਛਾਵਾਂ ਵੀ ਛੱਡਦਾ ਜਾ ਰਿਹੈ।

ਕਾਮਰੇਡ : ਤੂੰ ਸਾਡੀ ਜਾਂ ਸਾਡੇ ਕਾਡਰ ਦੀ ਚਿੰਤਾ ਨਾ ਕਰ। ਆਪਣੇ ਅੰਦਰ ਝਾਤੀ ਮਾਰ। ਸਾਰੀ ਉਮਰ ਖੂਹ ਦਾ ਡੱਡੂ ਹੀ ਬਣਿਆ ਰਹੇਂਗਾ।

ਹਿੰਮਤ ਸਿੰਘ : ਖੂਹ ਦਾ ਡੱਡੂ ? ਸਾਬਤ ਕਰ ਕੇ ਵਿਖਾਓ।

ਕਾਮਰੇਡ : (ਗਾਇਕਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਗਾਇਕਾਂ ਦੀਆਂ ਕਿਵੇਂ ਘੋੜੀਆਂ ਗਾਈਆਂ ਨੇ ਆਪਣੇ ਮੈਗਜ਼ੀਨ ਵਿੱਚ।

ਹਿੰਮਤ ਸਿੰਘ : ਤੁਹਾਨੂੰ ਖੁੱਲ੍ਹ ਏ ਮੇਰੇ ਲਿਖੇ ਸ਼ਬਦਾਂ 'ਤੇ ਚਲਾਓ ਆਪਣਾ ਆਰਾ। ਕੋਈ ਨਵੀਂ ਕਲਮ ਚੱਲੇ ਜਾਂ ਕਲਾਕਾਰ ਪੈਦਾ ਹੋਵੇ ਤਾਂ ਮੈਂ ਉਸ ਨੂੰ ਥਾਪੀ ਦੇ ਕੇ ਗੁਨਾਹ ਨਹੀਂ ਕਰਦਾ।

ਕਾਮਰੇਡ : ਤੇਰੀ ਵੇਖਣ ਵਾਲੀ ਅੱਖ ਨਹੀਂ।

ਹਿੰਮਤ ਸਿੰਘ : ਸੱਚ ਨੂੰ ਸੱਚ ਕਹਾਂਗਾ ਭਾਵੇਂ ਤੁਹਾਡੀਆਂ ਅੱਖਾਂ 'ਚ ਰੜਕਦਾ ਰਹਾਂ।

ਕਾਮਰੇਡ : ਅਸੀਂ ਵੀ ਕਿਸੇ ਦੀਆਂ ਅੱਖਾਂ 'ਚ ਪਏ ਤਿਣਕੇ ਨੂੰ ਵੀ ਲੱਭ ਲੈਂਦੇ ਹਾਂ।

ਹਿੰਮਤ ਸਿੰਘ : ਤੁਹਾਨੂੰ ਦੂਸਰੇ ਦੀਆਂ ਅੱਖਾਂ 'ਚ ਪਿਆ ਤਿਣਕਾ ਵੀ ਰੜਕਦਾ ਏ। ਪਰ ਆਪਣੀਆਂ ਅੱਖਾਂ ਵਿਚਲਾ ਛਤੀਰ ਵੀ ਨਜ਼ਰ ਨਹੀਂ ਆਉਂਦਾ।



ਕਾਮਰੇਡ : (ਗੁੱਸੇ ਵਿੱਚ) ਆਪਣੀ ਔਕਾਤ 'ਚ ਰਹਿ ਵੱਡਿਆ ਨਾਟਕਕਾਰਾ। ਅਜੇ ਕੱਲ੍ਹ ਹੀ ਤੂੰ ਕਲਮ ਫੜੀ ਏ। ਜ਼ਿਲਾ ਪ੍ਰਸ਼ਾਸਨ ਕੋਲੋਂ ਆਜ਼ਾਦੀ ਦਿਵਸ 'ਤੇ ਜਿਹੜਾ ਸਨਮਾਨ ਪ੍ਰਾਪਤ ਕੀਤੈ, ਉਹਦੇ ਸਿਰ 'ਤੇ ਧੌਣ ਉੱਚੀ ਨਾ ਕਰ। ਲਾ ਲਿਆ ਹੋਣੈ ਕੋਈ ਜੁਗਾੜ ਤੇ ਫੋਟੋ ਖਿਚਾ ਕੇ ਮੈਡਮ ਡੀਸੀ ਨਾਲ ਆਪਣੇ ਮੈਗਜ਼ੀਨ 'ਤੇ ਨੁਮਾਇਸ਼ ਕਰਦੈਂ।

ਹਿੰਮਤ ਸਿੰਘ : ਸਾਖਰਤਾ ਦੇ ਸਬੰਧ ਵਿਚ ਜ਼ਿਲ੍ਹੇ 'ਚ ਛੇ ਥਾਵਾਂ 'ਤੇ ਨਾਟਕ ਮੈਂ ਖੇਡੇ ਸੀ ਕਿ ਤੁਸੀਂ ? ਪ੍ਰਬੰਧ ਕਰੋ ਕਲਾਕਰਾਂ ਦਾ, ਕਰਾਓ ਰਿਹਰਸਲਾਂ, ਖਰਚ ਕਰੋ ਪੱਲਿਓਂ ਤੇ ਫਿਰ ਜਾ ਕੇ ਨਾਟਕ ਦਾ ਮੰਚਨ ਹੁੰਦੈ। ਤੁਹਾਡੇ ਵਾਂਗ ਨਹੀਂ ਡਾਇਰੀ 'ਤੇ ਲਿਖੀ ਕਵਿਤਾ, ਜਿੱਥੇ ਮਰਜ਼ੀ ਖੁਦ ਪੇਸ਼ ਕਰਕੇ ਵਾਹ ਵਾਹ ਖੱਟ ਲਓ।

ਕਾਮਰੇਡ : ਵਾਹ ਵਾਹ ਐਵੇਂ ਨਹੀਂ ਹੁੰਦੀ, ਕਵਿਤਾ ਵਿੱਚ ਦਮ ਹੋਵੇ ਤਾਂ ਹੀ ਸਰੋਤੇ ਦੀਦ ਦਿੰਦੇ ਨੇ। ਸ਼੍ਰੋਮਣੀ ਪੁਰਸਕਾਰ ਐਵੇਂ ਨਹੀਂ ਸੀ ਝੋਲੀ 'ਚ ਪਿਆ।

ਹਿੰਮਤ ਸਿੰਘ : ਸ਼੍ਰੋਮਣੀ ਪੁਰਸਕਾਰ ਕਿ ਜੁਗਾੜਬੰਦੀ ? ਚਾਰ ਮੈਂਬਰਾਂ ਦਾ ਬਣ ਜਾਂਦੈ ਪੈਨਲ। ਕਿਸੇ ਲਿਖਾਰੀ ਦੀ ਕੋਈ ਪੁਸਤਕ ਵਿਚਾਰੀ ਨਹੀਂ ਜਾਂਦੀ। ਲਓ ਜੀ, ਸਾਹਿਤਕਾਰ ਨੂੰ ਜੀਵਨ ਭਰ ਦੀ ਸਮੁੱਚੀ ਦੇਣ ਕਰਕੇ ਦਿੱਤਾ ਜਾ ਰਿਹੈ ਸ਼੍ਰੋਮਣੀ ਪੁਰਸਕਾਰ। ਹੁਣ ਤਾਂ ਲੋਕ ਇਸ ਨੂੰ ਭ੍ਰਿਸ਼ਟ ਪੁਰਸਕਾਰ ਵੀ ਕਹਿਣ ਲੱਗ ਪਏ ਨੇ।

ਕਾਮਰੇਡ : ਤੂੰ ਵੀ ਕਰ ਲੈਣੀ ਸੀ ਜੁਗਾੜਬੰਦੀ।

ਹਿੰਮਤ ਸਿੰਘ : ਮੈਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਨਹੀਂ ਪੈਰ ਧਰਨਾ ਚਾਹੁੰਦਾ। ਤੁਹਾਡੀਆਂ ਸਾਰੀਆਂ ਕਾਵਿ ਪੁਸਤਕਾਂ ਪੜ੍ਹੀਆਂ ਨੇ ਮੈਂ। ਦੋ ਤਿੰਨ ਕਵਿਤਾਵਾਂ ਤੋਂ ਬਿਨਾਂ ਵਿਲੱਖਣ ਅਤੇ ਦਮਦਾਰ ਕੁਝ ਵੀ ਨਹੀਂ।

ਕਾਮਰੇਡ : (ਹਾਰ ਜਾਣ ਵਾਲੀ ਸਥਿਤੀ ਵਿੱਚ ਸਕੱਤਰ ਨੂੰ) ਤੂੰ ਐਸ ਕਰਕੇ ਸੱਦਿਆ ਸੀ ਮੂਰਖ ਮੰਡਲੀ ਵਿੱਚ। ਇਥੇ ਮਿੱਟੀ ਘੱਟਾ ਈ ਫੱਕਿਐ।

ਹਿੰਮਤ ਸਿੰਘ : ਬਿਨਾਂ ਵਜ੍ਹਾ ਮਿੱਟੀ ਘੱਟਾ ਉਡਾਉਗੇ ਤਾਂ ਆਪਣੇ ਸਿਰ ਵਿੱਚ ਹੀ ਪਵਾਉਗੇ।

(ਕਾਮਰੇਡ ਗੁੱਸੇ ਵਿੱਚ ਲਾਲ ਪੀਲਾ ਹੋਇਆ ਉਥੋਂ ਚਲਾ ਜਾਂਦਾ ਹੈ ਅਤੇ ਸਭਾ ਬਿਖਰ ਜਾਂਦੀ ਹੈ)

(ਹਨ੍ਹੇਰਾ)

## ਦ੍ਰਿਸ਼ ਦੋ

ਸਥਾਨ : ਕਾਮਰੇਡ ਦੇ ਘਰ ਦਾ ਵਿਹੜਾ।

(ਵਿਹੜੇ ਵਿੱਚ ਦੋ ਕੁਰਸੀਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਅੱਗੇ ਇਕ ਮੇਜ਼ ਰੱਖਿਆ ਹੋਇਆ ਹੈ, ਜਿਸ ਉੱਪਰ ਅਖਬਾਰਾਂ ਆਦਿ ਪਈਆਂ ਹਨ। ਕਾਮਰੇਡ ਘੋਰ ਉਦਾਸੀ ਵਿੱਚ ਕਮੀਜ਼ ਅਤੇ ਪਜਾਮਾ ਪਹਿਨੇ ਵਿਹੜੇ ਵਿੱਚ ਇਧਰ ਉਧਰ ਘੁੰਮ ਰਿਹਾ ਹੈ, ਉਸ ਨੇ ਸਿਰ ਛੋਟੇ ਜਿਹੇ ਪਰਨੇ ਨਾਲ ਢੱਕਿਆ ਹੋਇਆ ਹੈ)

ਕਾਮਰੇਡ : (ਆਪਣੇ ਆਪ ਵਿੱਚ ਖਿਝਦੇ ਹੋਏ) ਇਹ ਜ਼ਮਾਨਾ ਵੀ ਵੇਖਣਾ ਸੀ, ਕੀ ਥੁੜਿਆ ਸੀ ਇਹੋ ਜਿਹੇ ਚੰਦਰੇ ਵਕਤ ਤੋਂ....ਜ਼ਮਾਨੇ ਦਾ ਬੇੜਾ ਇੰਨਾ ਗਰਕ ਹੋ ਜਾਵੇਗਾ, ਕਦੇ ਖਿਆਲ ਹੀ ਨਹੀਂ ਸੀ ਆਇਆ..... ਨੱਥਾ ਸਿੰਘ ਨੂੰ ਫੋਨ ਕੀਤਿਆਂ ਅੱਧਾ ਘੰਟਾ ਹੋ ਗਿਐ, ਅਜੇ ਤੱਕ ਆਇਆ ਨਹੀਂ....ਬਜ਼ੁਰਗਾਂ ਦੀ ਇੰਨੀ ਬੇਕਦਰੀ, ਇੰਨੀ ਬੇਇੱਜ਼ਤੀ ਕਰ ਦਿੰਦੇ ਨੇ ਲਫੰਡਰ ਗੁੰਡੇ....ਮੁੰਡੇ ਕਾਹਦੇ ਨੇ, ਗੁੰਡੇ ਨੇ ਗੁੰਡੇ ਮੇਰੇ ਸਾਲੇ। (ਗੁੱਸੇ ਵਿੱਚ) ਇਨ੍ਹਾਂ ਹਲਕੇ ਕੁੱਤਿਆਂ ਨੂੰ ਗੋਲੀ ਮਾਰ ਦਿੱਤੀ ਜਾਵੇ ਤਾਂ ਧਰਤੀ ਸੁਰਖਰੂ ਹੋ ਜਾਏ। (ਕਾਮਰੇਡ ਦਾ ਸਾਥੀ ਨੱਥਾ ਸਿੰਘ ਆਉਂਦਾ ਹੈ, ਜਿਸ ਨੇ ਕਾਮਰੇਡ ਦੀ ਮਨੋ ਸਥਿਤੀ ਦੇ ਨਾਲ ਨਾਲ ਉਸ ਦੇ ਅਖੀਰ ਵਿੱਚ ਕਹੇ ਬੋਲ ਵੀ ਸੁਣ ਲਏ ਹਨ)

ਨੱਥਾ ਸਿੰਘ : ਕਾਮਰੇਡਾ ਕਿਹਨੂੰ ਗੋਲੀ 'ਚੋਂ ਲੰਘਾ ਰਿਹੈਂ ?

ਕਾਮਰੇਡ : ਮੇਰੇ ਕੋਲ ਪਿਸਟਲ ਹੁੰਦਾ ਤਾਂ ਗੋਲੀ 'ਚੋਂ ਲੰਘਾ ਦਿੰਦਾ, ਹੁਣ ਤਾਂ ਬਸ ਆਪਣਾ ਆਪ ਮਾਰ ਕੇ ਹੀ.....

ਨੱਥਾ ਸਿੰਘ : ਗੁੱਸਾ ਪੀ ਕੇ ਬੁੱਤਾ ਸਾਰਨਾ ਹੀ ਚੰਗੈ। ਕਿਸੇ ਨੂੰ ਮਾੜਾ ਜਿਹਾ ਟੇਢਾ ਬੋਲੋ ਸਹੀ, ਸਿੱਧੇ ਸਿਰ ਨੂੰ ਪੈਣਗੇ ਇਹ ਮੁੰਡੇ। ਫਿਰ ਭਾਵੇਂ 'ਸੌਰੀ' ਕਹੋ ਭਾਵੇਂ ਹੋਰ ਕੁੱਝ, ਆਪਣਾ ਵੱਤਰ ਵਾਹ ਹੀ ਜਾਂਦੇ ਨੇ। ਕਾਮਰੇਡਾ, ਤੇਰੇ ਨਾਲ ਕੀ ਭਾਣਾ ਵਰਤ ਗਿਐ ?

ਕਾਮਰੇਡ : (ਕਚੀਚੀਆਂ ਵੱਟਦਾ ਹੋਇਆ) ਕੱਲ੍ਹ ਸ਼ਾਮ ਜੋ ਇਨ੍ਹਾਂ ਕੰਨਾਂ ਨੂੰ ਸੁਣਨਾ ਪਿਐ....ਸਾਰੀ ਰਾਤ ਪਾਸੇ ਮਾਰਦਿਆਂ ਕੱਢ'ਤੀ। ਰਾਤ ਮੁੱਕੇ ਹੀ ਨਾ....ਮਸਾਂ ਦੋ ਘੰਟੇ ਨੀਂਦ ਆਈ।

(ਕਾਮਰੇਡ ਲੰਬਾ ਸਾਹ ਲੈਂਦਾ ਹੈ)

ਨੱਥਾ ਸਿੰਘ : ਕਿਸੇ ਨੇ ਤੇਰੀ ਬੇਜ਼ਤੀ ਕਰ'ਤੀ ? ਕੋਈ ਪੰਗਾ ਤਾਂ ਨਹੀਂ ਪੈ ਗਿਐ ਕਿਸੇ ਨਾਲ ?

ਕਾਮਰੇਡ : (ਗੁੱਸੇ ਵਿੱਚ) ਬੇਜ਼ਤੀ ਵਰਗੀ ਬੇਜ਼ਤੀ...ਕਦੇ ਨਹੀਂ ਹੋਇਆ ਮੇਰੇ ਨਾਲ....ਉਸ ਮੁਸ਼ਟੰਡੇ ਨੇ ਗਾਲ੍ਹਾਂ ਕੱਢੀਆਂ ਮੈਨੂੰ ਗਾਲ੍ਹਾਂ।

ਨੱਥਾ ਸਿੰਘ : (ਹੈਰਾਨੀ ਵਿੱਚ) ਗਾਲ੍ਹਾਂ ? ਕਿਸ ਜੂਠ ਨੇ ਕੱਢੀਆਂ ਗਾਲ੍ਹਾਂ ? ਕਿਉਂ ਕੱਢੀਆਂ ਗਾਲ੍ਹਾਂ ?



ਕਾਮਰੇਡ : ਉਹ ਨੌਜਵਾਨ ਸੀ ਯੰਗ ਬਲੱਡ ਹਲਕਾ ਕੁੱਤਾ.....ਕਿੱਥੋਂ ਟੱਕਰ ਪਿਐ ਹਰਾਮਜ਼ਾਦਾ ਈਡੀਅਟ....ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਉਸ ਨੇ, ਇੱਕ ਵਾਰ ਨਹੀਂ ਕਿੰਨੀ ਵਾਰ ਕਿੰਨੇ ਲੋਕਾਂ ਸਾਹਮਣੇ।

ਨੱਥਾ ਸਿੰਘ : ਕਿਸੇ ਬੰਦੇ ਨੇ ਉਸ ਨੂੰ ਟੋਕਿਆ ਨਾ ?

ਕਾਮਰੇਡ : ਨਾ ਨਾ, ਸਭ ਬੁੱਤ ਬਣੇ ਰਹੇ ਬੁੱਤ ਉਸ ਬੁਰਛੇ ਸਾਹਮਣੇ।

ਨੱਥਾ ਸਿੰਘ : ਇਹ ਲੋਕ ਭੇਡਾਂ ਬੱਕਰੀਆਂ ਬਣ ਜਾਂਦੇ ਨੇ ਬਘਿਆੜਾਂ ਮੂਹਰੇ। ਮੈਨੂੰ ਸੱਦਿਐ, ਕੀ ਕਰਨੈਂ ਹੁਣ ?

ਕਾਮਰੇਡ : ਕੁੱਝ ਨਾ ਕੁੱਝ ਤਾਂ ਕਰਨਾ ਹੀ ਪਵੇਗਾ, ਤਾਂ ਹੀ ਕਾਲਜੇ ਠੰਡ ਪਵੇਗੀ।

ਨੱਥਾ ਸਿੰਘ : ਕਿਧਰੇ ਜਾਣੈਂ ? ਪਰ ਤੂੰ ਤਾਂ ਪੱਗ ਵੀ ਨਹੀਂ ਬੰਨ੍ਹੀ ਅਜੇ ?

ਕਾਮਰੇਡ : ਮੇਰੀ ਪੱਗ ਲਾਹ ਦਿੱਤੀ ਥੱਪੜ ਮਾਰ ਕੇ ਉਸ ਬਦਮਾਸ਼ ਨੇ, ਅੱਜ ਦਿਲ ਨਹੀਂ ਕੀਤਾ ਪੱਗ ਬੰਨ੍ਹਣ 'ਤੇ।

ਨੱਥਾ ਸਿੰਘ : ਉਹ ਪਤੰਦਰ ਟੱਕਰਿਆ ਕਿੱਥੇ ?

ਕਾਮਰੇਡ : ਕੱਲ੍ਹ ਸ਼ਾਮ ਮੈਂ ਪੰਜਾਬੀ ਢਾਬੇ ਤੋਂ ਦਾਲ ਤੇ ਫੁਲਕੇ ਲੈਣ ਜਾ ਰਿਹਾ ਸੀ ਆਪਣੀ ਸਕੂਟਰੀ 'ਤੇ। ਮੇਰੇ ਪਿੱਛੇ ਕੋਈ ਆ ਰਿਹਾ ਜਾਪਦਾ ਨਹੀਂ ਸੀ, ਸਕੂਟਰੀ ਮੈਂ ਸੱਜੇ ਪਾਸੇ ਮੋੜ'ਤੀ ਢਾਬੇ ਵੱਲ। ਪਤਾ ਹੀ ਨਹੀਂ ਲੱਗਾ ਤੂਫਾਨ ਵਾਂਗ ਪਿੱਛੋਂ ਉਡਾਉਂਦਾ ਮੋਟਰ ਸਾਈਕਲ ਮੇਰੇ ਨਾਲ ਥੋੜ੍ਹਾ ਜਿਹਾ ਟਕਰਾਅ ਗਿਆ।

ਨੱਥਾ ਸਿੰਘ : (ਚਿੰਤਤ ਹੁੰਦਾ ਹੋਇਆ) ਫਿਰ ਕੀ ਹੋਇਆ ?

ਕਾਮਰੇਡ : ਮੈਂ ਮਸਾਂ ਦਸ ਦੀ ਸਪੀਡ 'ਤੇ ਸਕੂਟਰੀ ਚਲਾ ਰਿਹਾ ਸੀ, ਸਕੂਟਰੀ ਡਿੱਗ ਪਈ ਪਰ ਬਚਾਅ ਹੋ ਗਿਆ। ਉਹ ਸਟੂਪੱਡ ਮੋਟਰ ਸਾਈਕਲ ਉਡਾ ਰਿਹਾ ਸੀ ਸੌ ਤੋਂ ਉਪਰ। ਉਹਦੇ ਤਾਂ ਗੋਡੇ ਛਿੱਲੇ ਗਏ। ਸਾਲੇ ਨੇ ਆਪਣਾ ਮੋਟਰ ਸਾਈਕਲ ਨਹੀਂ ਚੁੱਕਿਆ। ਸਿੱਧਾ ਮੇਰੇ ਵੱਲ ਆ ਗਿਆ, ਭੈਣਾਂ ਦੀਆਂ ਗਾਲ੍ਹਾਂ ਕੱਢਦਾ। ਮੇਰੇ ਥੱਪੜ ਜੜ ਦਿੱਤਾ, ਨਾਲ ਹੀ ਮੇਰੀ ਪੱਗ ਲਹਿ ਗਈ। ਮੈਂ ਤਰਲਾ ਮਾਰਦੇ ਕਿਹੈ-ਤੂੰ ਮੇਰੇ ਪੁੱਤਰਾਂ ਵਰਗੈਂ, ਪਰ....

ਨੱਥਾ ਸਿੰਘ : ਫਿਰ ?

ਕਾਮਰੇਡ : ਮੇਰੀ ਡਿੱਗੀ ਪੱਗ ਨੂੰ ਠੁੱਡਾ ਮਾਰ ਕੇ ਗਾਲ੍ਹਾਂ ਕੱਢਦਾ ਕੱਢਦਾ ਮੋਟਰ ਸਾਈਕਲ ਖੜ੍ਹੀ ਕਰਕੇ ਪੂਰਾ ਰੋਅਬ ਝਾੜਦਾ ਦਫ਼ਾ ਹੋ ਗਿਆ।

ਨੱਥਾ ਸਿੰਘ : ਪੂਰੀ ਬਦਮਾਸ਼ੀ ਵਿਖਾ ਗਿਆ ਜੰਗਲੀ ਜਾਨਵਰ। ਆਪਣੇ ਘਰ ਆਪਣੇ ਪਿਓ ਦੀਆਂ ਬੋਦੀਆਂ ਪੁੱਟਦਾ ਹੋਵੇਗਾ।

ਕਾਮਰੇਡ : ਇਹਦੀ ਬਦਮਾਸ਼ੀ ਤਾਂ ਕੱਢਣੀ ਹੀ ਪਵੇਗੀ, ਇਹਨੂੰ ਪਤਾ ਲੱਗ

ਜਾਏ ਕਿਸੇ ਬਜ਼ੁਰਗ ਨੂੰ ਕੱਢੀ ਗਾਲ੍ਹ ਕਿੰਨੀ ਮਹਿੰਗੀ ਪੈਂਦੀ ਏ। ਕਿਤੇ ਮੇਰੇ 'ਤੇ ਵੀ ਜਵਾਨੀ ਹੁੰਦੀ ਤਾਂ....ਬੁਢਾਪਾ ਤਾਂ ਹੈ ਹੀ ਸਿਆਪਾ।

ਨੱਥਾ ਸਿੰਘ : ਹੁਣ ਜਵਾਨੀ ਕਿੱਥੇ। ਭੁੱਲ ਜਾਓ ਕਾਮਰੇਡ ਜੀ ਬੁਰੇ ਸੁਫ਼ਨੇ ਵਾਂਗ।

ਕਾਮਰੇਡ : ਉਹ ਤਾਂ ਵਾਰ ਵਾਰ ਮੇਰੇ ਸੁਫ਼ਨੇ ਆਉਂਦਾ ਰਿਹੈ ਰਾਤ। ਸੁਫ਼ਨੇ 'ਚ ਝਈਆਂ ਲੈ ਲੈ ਮੇਰੇ ਗਲ ਪੈਂਦਾ ਰਿਹੈ। ਮੇਰੀ ਪੱਗ ਨੂੰ ਹੱਥ ਪਾਉਂਦਾ ਰਿਹੈ ਤੇ ਨਾਲੇ ਭੈਣਾਂ ਦੀਆਂ ਗਾਲ੍ਹਾਂ....

ਨੱਥਾ ਸਿੰਘ : ਪਰ....ਅਸੀਂ ਕਰ ਵੀ ਕੀ ਸਕਦੇ ਹਾਂ ਐਸ ਉਮਰੇ। ਲੱਤਾਂ ਧੂੰਹਦੇ ਧੂੰਹਦੇ ਕਿਹਦੇ ਕਿਹਦੇ ਤੱਕ ਪਹੁੰਚ ਕਰ ਸਕਦੇ ਹਾਂ।

ਕਾਮਰੇਡ : ਆਪਣੇ ਸਾਥੀ ਇਕੱਠੇ ਕਰ ਕੇ ਆਪਣੀ ਤਾਕਤ ਤਾਂ ਵਿਖਾ ਸਕਦੇ ਹਾਂ ਜਿਵੇਂ ਅਸੀਂ ਰਿਟਾਇਰ ਹੋਣ ਤੋਂ ਪਹਿਲਾਂ ਧਰਨੇ ਲਾਉਂਦੇ ਹੁੰਦੇ ਸੀ।

ਨੱਥਾ ਸਿੰਘ : ਕਿੰਨੇ ਕੁ ਰਹਿ ਗਏ ਸਾਥੀ ? ਕੁੱਝ ਤਾਂ ਕੂਚ ਕਰ ਗਏ.... ਬਾਕੀ ਬਚਿਆਂ ਵਿੱਚੋਂ ਕਿਸੇ ਦੇ ਗੋਡੇ ਨਹੀਂ ਹਿਲਦੇ, ਕਿਸੇ ਦੀਆਂ ਅੱਖਾਂ ਬੰਦਾ ਨਹੀਂ ਪਛਾਣਦੀਆਂ। ਅੱਜ ਦੇ ਮੂਰਖ ਨੌਜਵਾਨਾਂ ਨਾਲ ਕਿਵੇਂ ਲਾਵਾਂਗੇ ਮੱਥਾ।

ਕਾਮਰੇਡ : ਨੌਜਵਾਨ ਕਾਹਦੇ ਨੇ ਇਹ ਤਾਂ ਭੂਤ ਨੇ ਭੂਤ। ਬਜ਼ੁਰਗ ਕਹਿੰਦੇ ਸੀ ਫਲਾਣੀ ਥਾਂ ਭੂਤਾਂ ਚੁੜੇਲਾਂ ਦਾ ਵਾਸਾ ਹੁੰਦੈ। ਇਹ ਤਾਂ ਸਾਡੀਆਂ ਅੱਖਾਂ ਸਾਹਮਣੇ ਹਰਲ ਹਰਲ ਕਰਦੇ ਪਏ ਨੇ।

ਨੱਥਾ ਸਿੰਘ : ਕਾਮਰੇਡਾ, ਸਿੰਥੈਟਿਕ ਨਸ਼ੇ ਕਰਦੇ ਨੇ ਇਹ ਨੌਜਵਾਨ। ਲੁੱਟਾਂ ਖੋਹਾਂ ਵੀ ਇਹੋ ਕਰਦੇ ਨੇ ਦਿਨ ਦਿਹਾੜੇ। ਇਹਨਾਂ ਭੂਤਾਂ ਨਾਲ ਪੰਗਾ ਲੈ ਕੇ ਕੀ ਕਰਾਂਗੇ।

ਕਾਮਰੇਡ : ਤੂੰ ਮੇਰਾ ਜਿਗਰੀ ਯਾਰ ਏਂ। ਤੂੰ ਵੀ ਸਾਥ ਨਹੀਂ ਦੇਵੇਂਗਾ ਮੇਰਾ ?

ਨੱਥਾ ਸਿੰਘ : ਮੈਨੂੰ ਤਾਂ ਤੂੰ ਭਾਵੇਂ ਪਾਕਿਸਤਾਨ ਦੇ ਬਾਰਡਰ 'ਤੇ ਖੜ੍ਹਾ ਕਰਦੇ, ਮਰ ਜਾਵਾਂਗਾ ਪਰ ਯਾਰੀ ਜ਼ਰੂਰ ਪੁਗਾਵਾਂਗਾ।

(ਪਹਿਲਵਾਨ ਆਉਂਦਾ ਹੈ)

ਕਾਮਰੇਡ : ਆ ਪਹਿਲਵਾਨਾ, ਟਾਈਮ ਸਿਰ ਦੁੱਧ ਲੈ ਆਇਐਂ।

ਨੱਥਾ ਸਿੰਘ : ਪਹਿਲਵਾਨ ਬੜੇ ਮੌਕੇ 'ਤੇ ਆਇਆ।

ਪਹਿਲਵਾਨ : ਮੇਰੇ ਲਾਇਕ ਕੋਈ ਸੇਵਾ ਏ ?

ਨੱਥਾ ਸਿੰਘ : ਆਪਣਾ ਫੋਨ ਨੰਬਰ ਦੇ। ਜਦ ਅਸੀਂ ਫੋਨ ਕਰੀਏ ਜ਼ਰਾ ਟਾਈਮ ਕੱਢ ਕੇ ਆ ਜਾਵੀਂ। ਸ਼ਾਇਦ ਠਾਣੇ ਜਾਣਾ ਪੈ ਜਾਏ।

ਪਹਿਲਵਾਨ : ਠਾਣੇ ?

ਨੱਥਾ ਸਿੰਘ : ਇੱਕ ਲੋਫਰ ਮੁੰਡੇ ਨਾਲ ਪੰਗਾ ਪੈ ਗਿਐ ਕਾਮਰੇਡ ਦਾ, ਜ਼ਰਾ ਉਹਨੂੰ ਸਿੱਧਾ ਕਰਨੈਂ।

ਪਹਿਲਵਾਨ : ਮੈਂ ਕਿਹਾ ਤੀਰ ਵਾਂਗੂੰ ਸਿੱਧਾ ਕਰ ਦਿਆਂਗੇ। ਕਿੰਨੇ ਕੁ ਬੰਦੇ ਲੈ ਕੇ ਆਵਾਂ ਨਾਲ ?

ਨੱਥਾ ਸਿੰਘ : ਪਹਿਲਵਾਨਾ ਤੂੰ ਇਕੱਲਾ ਈ ਲੱਖਾਂ ਵਰਗਾ ਏਂ, ਬਾਕੀ ਸਾਥੀ ਸਾਡੇ ਨਾਲ ਵੀ ਹੋਣਗੇ।

ਪਹਿਲਵਾਨ : ਤੁਸੀਂ ਫੋਨ ਖੜਕਾਇਓ ਮੈਂ ਖੋਟੇ ਪੈਸੇ ਵਾਂਗ ਭੱਜਾ ਆਵਾਂਗਾ। ਕਾਮਰੇਡ ਜੀ, ਰਾਤ ਜ਼ਰਾ ਕੁ ਖਾਣ ਪੀਣ ਦਾ ਵਾਧਾ ਘਾਟਾ ਹੋ ਗਿਐ। ਘਰ ਪਈ ਏ ਪੈੱਗ ਦੋ ਪੈੱਗ ?

ਕਾਮਰੇਡ : ਸ਼ਰਾਬ ਤਾਂ ਮੈਂ ਪੀਂਦਾ ਹੀ ਨਹੀਂ। ਨਾ ਹੀ ਮੈਥੋਂ ਕੋਈ ਮੰਗਦਾ ਏ।

ਪਹਿਲਵਾਨ : ਚਲੋ ਕੋਈ ਗੱਲ ਨਹੀਂ। ਪਰ ਸੱਚ ਇਹ ਹੈ ਕਿ ਜਦ ਬੰਦੇ 'ਤੇ ਭੀੜ ਬਣੀ ਹੋਵੇ ਤਾਂ ਖਾਣ ਪੀਣ ਹੀ ਕੰਮ ਆਉਂਦੈ। ਖੁਸ਼ਕੀ ਕੰਮ ਨਹੀਂ ਆਉਂਦੀ ਕਾਮਰੇਡਾ।

(ਪਹਿਲਵਾਨ ਬੋਲਦਾ ਬੋਲਦਾ ਚਲਾ ਜਾਂਦਾ ਹੈ)

ਨੱਥਾ ਸਿੰਘ : ਆਵਾ ਈ ਊਤ ਗਿਐ। ਕੀ ਸਾਥ ਦੇਣਗੇ ਇਹੋ ਜਿਹੇ ਲੋਕ।

ਕਾਮਰੇਡ : ਆਪਣੇ ਖ਼ਾਸ ਖ਼ਾਸ ਬੰਦਿਆਂ ਨੂੰ ਫੋਨ ਕਰ ਕੇ ਬੁਲਾ ਲਈਏ। ਉਹ ਬਦਮਾਸ਼ ਨੂੰ ਠਾਣੇ ਬੁਲਾ ਕੇ ਦੱਸ ਦੇਈਏ ਕਿ ਕਿਸੇ ਬਜ਼ੁਰਗ ਨੂੰ ਗਾਲ੍ਹ ਕਿਵੇਂ ਕੱਢੀਦੀ ਏ।

ਨੱਥਾ ਸਿੰਘ : ਸਾਥੀ ਤਾਂ ਬੁਲਾਉਣੇ ਈ ਪੈਣਗੇ, ਨਾਲੇ ਮੀਡੀਏ ਵਾਲੇ ਵੀ। ਯਾਦ ਆਇਆ, ਇਲਾਕੇ ਦਾ ਨਾਟਕਕਾਰ ਹਿੰਮਤ ਸਿੰਘ। ਉਹਨੂੰ ਜ਼ਰੂਰ ਸੱਦੀਏ। ਇੱਕ ਤਾਂ ਉਹ ਅੱਧਖੜ ਉਮਰ ਦਾ ਨਿਡਰ ਬੰਦਾ ਏ, ਦੂਜਾ ਦਸ ਪੰਦਰਾਂ ਕਲਾਕਾਰ ਵੀ ਨੇ ਉਹਦੇ ਪਾਸ। ਸਾਰੇ ਹੀ ਯੋਧੇ ਨੇ ਯੋਧੇ।

ਕਾਮਰੇਡ : ਪਰ ਮੇਰੀ ਤਾਂ ਹਿੰਮਤ ਸਿੰਘ ਨਾਲ ਬਣਦੀ ਹੀ ਨਹੀਂ।

ਨੱਥਾ ਸਿੰਘ : ਉਹਨੂੰ ਮੈਂ ਲੈ ਕੇ ਆਵਾਂਗਾ। ਭਾਵੇਂ ਉਹ 'ਕਾਮਰੇਡ' ਨਹੀਂ ਕਹਾਉਂਦਾ ਪਰ ਹੈ ਉਹ ਸਿਧਾਂਤਾਂ ਵਾਲਾ। ਗੁੱਸਾ ਨਾ ਕਰੀਂ ਕਾਮਰੇਡਾ, ਤੂੰ ਬਿਨਾਂ ਸੋਚੇ ਸਮਝੇ ਕਿਸੇ 'ਤੇ ਠਾਹ ਵਿਅੰਗ ਕਰ ਕੇ ਨਵੇਂ ਹੀ ਦੁਸ਼ਮਣ ਪੈਦਾ ਕਰ ਲੈਂਦੈਂ।

ਕਾਮਰੇਡ : ਯਾਰ, ਉਹ ਤਾਂ ਆਦਤ ਜਿਹੀ ਬਣ ਗਈ ਲਿਖਾਰੀਆਂ ਦੀਆਂ ਮੀਟਿੰਗਾਂ ਵਿੱਚ ਜਾਣ ਕਰਕੇ।

ਨੱਥਾ ਸਿੰਘ : ਐਸ ਆਦਤ ਨੂੰ ਬਦਲ ਯਾਰ। ਕੋਈ ਨਹੀਂ ਇੱਥੇ ਕਾਮਰੇਡ। ਜਿੱਥੇ ਵੀ ਸ਼ਹੀਦਾਂ ਦੇ ਭਵਨ ਨੇ, ਕਿੰਨੇ ਸਾਲਾਂ ਤੋਂ ਉਹੀ ਕਾਮਰੇਡ ਚੌਧਰੀ ਬਣ ਕੇ ਆਪਣੇ ਨਾਂ ਦਾ ਸਿੱਕਾ ਚਲਾ ਰਹੇ ਨੇ। ਤੁਹਾਡੇ ਲਿਖਾਰੀਆਂ ਵਿੱਚ ਈਰਖਾ ਬੜੀ ਏ। ਤੁਹਾਡੇ ਨਾਲੋਂ ਤਾਂ ਥੜ੍ਹੇ 'ਤੇ

ਬਹਿ ਕੇ ਤਾਸ਼ ਖੇਡਣ ਵਾਲੇ ਹੀ ਚੰਗੇ ਨੇ।

ਕਾਮਰੇਡ : ਮਾਰ ਗੋਲੀ ਤਾਸ਼ ਖੇਡਣ ਵਾਲਿਆਂ ਨੂੰ, ਅਸਲੀ ਗੱਲ ਵੱਲ ਆ।

ਨੱਥਾ ਸਿੰਘ : ਉਸ ਮੁੰਡੇ ਦਾ ਨਾਂ ਕੀ ਏ, ਜਿਹਨੇ ਇਹ ਸਾਰੀ ਕਰਤੂਤ ਕੀਤੀ ਏ ?

ਕਾਮਰੇਡ : ਪਤਾ ਲੱਗੈ ਉਹ ਨੰਗਲੀ ਪਿੰਡ ਦਾ ਰਹਿਣ ਵਾਲਾ ਏ, ਨਾਂਅ ਉਹਦਾ ਘੁੱਗ ਦਸਦੇ ਨੇ।

ਨੱਥਾ ਸਿੰਘ : (ਘਬਰਾਹਟ ਵਿੱਚ) ਘੁੱਗ ?

ਕਾਮਰੇਡ : (ਹੈਰਾਨੀ ਵਿੱਚ) ਕੀ ਹੋਇਐ, ਨਾਂਅ ਸੁਣਦੇ ਸਾਰ ਤੇਰੇ ਚਿਹਰੇ ਦਾ ਰੰਗ ਹੀ ਪੀਲਾ ਪੈ ਗਿਐ ?

ਨੱਥਾ ਸਿੰਘ : ਬੜਾ ਕੁੱਤਾ ਮੁੰਡਾ ਏ ਘੁੱਗ। ਮੁੰਡਾ ਨਹੀਂ ਉਹ ਤਾਂ ਗੁੰਡਾ ਏ ਇੱਕ ਨੰਬਰ ਦਾ। ਗੈਂਗਸਟਰ ਕਹਾਉਂਦੈ ਆਪਣੇ ਆਪ ਨੂੰ।

ਕਾਮਰੇਡ : (ਦ੍ਰਿੜ੍ਹਤਾ ਨਾਲ) ਪਰ ਅਸੀਂ ਘੁੱਗ ਦਾ ਘੁੱਗੂ ਵਜਾ ਕੇ ਹੀ ਛੱਡਾਂਗੇ। ਤੂੰ ਕੱਲ੍ਹ ਸਵੇਰੇ ਅੱਠ ਵਜੇ ਇੱਥੇ ਆ ਜਾਵੀਂ, ਨਾਲੇ ਹਿੰਮਤ ਸਿੰਘ ਨੂੰ ਲੈ ਆਵੀਂ।

ਨੱਥਾ ਸਿੰਘ : ਮੇਰਾ ਫਿਕਰ ਨਾ ਕਰ। ਆਪਾਂ ਵੱਧ ਤੋਂ ਵੱਧ ਸਾਥੀ ਇਕੱਠੇ ਕਰ ਲਈਏ। ਠਾਣੇ ਵਾਲੇ ਵੀ ਤਾਂ ਹੀ ਕਿਸੇ ਦੀ ਸ਼ਿਕਾਇਤ 'ਤੇ ਗੌਰ ਕਰਦੇ ਨੇ ਜੇ ਚਾਰ ਬੰਦੇ ਪਿੱਠ 'ਤੇ ਖੜ੍ਹੇ ਹੋਣ। ਚੰਗਾ ਕਾਮਰੇਡਾ, ਕੱਲ੍ਹ ਸਵੇਰੇ ਮਿਲਦੇ ਹਾਂ।
(ਨੱਥਾ ਸਿੰਘ ਜਾਂਦਾ ਹੈ)

(ਹਨ੍ਹੇਰਾ)

## ਦ੍ਰਿਸ਼ ਤਿੰਨ

ਸਥਾਨ : ਪੁਲਿਸ ਸਟੇਸ਼ਨ
(ਥਾਣੇਦਾਰ ਦੀ ਕੁਰਸੀ ਅੱਗੇ ਵਧੀਆ ਮੇਜ਼ ਰੱਖਿਆ ਗਿਆ ਹੈ। ਆਸੇ ਪਾਸੇ ਚਾਰ ਪੰਜ ਹੋਰ ਕੁਰਸੀਆਂ ਵੀ ਪਈਆਂ ਹਨ। ਕੋਲ ਹੀ ਇੱਕ ਸਿਪਾਹੀ ਟਹਿਲਦਾ ਹੋਇਆ ਵਿਖਾਈ ਦਿੰਦਾ ਹੈ)

ਸਿਪਾਹੀ : (ਕਾਮਰੇਡ ਨੂੰ) ਬਾਬਿਓ, ਕਿਹਨੂੰ ਮਿਲਣੈਂ ?

ਕਾਮਰੇਡ : ਤੁਹਾਡੇ ਸਾਹਿਬ ਨੂੰ। ਕਦੋਂ ਬੈਠਣਗੇ ?

ਸਿਪਾਹੀ : ਸਾਹਿਬ ਸਜਣ ਈ ਵਾਲੇ ਨੇ। ਕੁਰਸੀ ਇੰਤਜ਼ਾਰ ਕਰ ਰਹੀ ਏ ਉਹਨਾਂ ਦਾ।
(ਨੱਥਾ ਸਿੰਘ ਆਉਂਦਾ ਹੈ)

ਕਾਮਰੇਡ : ਨੱਥਾ ਸਿੰਘ ਜੀ, ਆ ਗਏ ਸਾਥੀ ?

ਨੱਥਾ ਸਿੰਘ : ਚਾਰ ਪੰਜ ਮੇਰੇ ਨਾਲ ਆਏ ਨੇ, ਬਾਹਰ ਈ ਖੜ੍ਹੇ ਨੇ। ਹਿੰਮਤ ਸਿੰਘ ਵੀ ਕੁੱਝ ਨੌਜਵਾਨਾਂ ਨਾਲ ਪਹੁੰਚਣ ਹੀ ਵਾਲਾ ਏ।



ਕਾਮਰੇਡ : ਹਿੰਮਤ ਸਿੰਘ ਨੇ ਕੋਈ ਨਾਂਹ ਨੁੱਕਰ ਤਾਂ ਨਹੀਂ ਕੀਤੀ ? ਮੇਰੇ ਨਾਲ ਉਹਦੀ ਕਾਫੀ ਗਰਮਾ ਗਰਮੀ ਹੋਈ ਸੀ ਸਭਾ ਦੀ ਇੱਕ ਮੀਟਿੰਗ ਵਿੱਚ।

ਨੱਥਾ ਸਿੰਘ : ਹਿੰਮਤ ਸਿੰਘ ਨੇ ਤਾਂ ਗੱਲਾਂ ਹੀ ਬੜੀਆਂ ਕੰਮ ਦੀਆਂ ਕੀਤੀਆਂ। ਕਹਿੰਦਾ ਸੀ ਅੱਜ ਇਹ ਘਟਨਾ ਕਾਮਰੇਡ ਨਾਲ ਵਾਪਰੀ ਏ, ਕੱਲ੍ਹ ਨੂੰ ਸਾਡੇ ਲਈ ਕੋਈ ਮੁਸ਼ਕਲ ਖੜ੍ਹੀ ਹੋ ਸਕਦੀ ਏ।

ਕਾਮਰੇਡ : ਮੁਸ਼ਕਲ ਦੀ ਘੜੀ ਵਿੱਚ ਹੀ ਬੰਦੇ ਦੀ ਪਰਖ ਹੁੰਦੀ ਏ।
(ਥਾਣੇਦਾਰ ਆਉਂਦਾ ਹੈ, ਬੜੇ ਰੋਅਬ ਨਾਲ ਸਾਰਿਆਂ ਵੱਲ ਵੇਖਦਾ ਹੈ ਅਤੇ ਕੁਰਸੀ 'ਤੇ ਬੈਠ ਜਾਂਦਾ ਹੈ। ਸਿਪਾਹੀ, ਥਾਣੇਦਾਰ ਨੂੰ ਸਲੂਟ ਮਾਰਦਾ ਹੈ)

ਥਾਣੇਦਾਰ : (ਕਾਮਰੇਡ ਅਤੇ ਨੱਥਾ ਸਿੰਘ ਨੂੰ) ਤੁਸੀਂ ਦੱਸੋ, ਕੀ ਕੰਮ ਏ ਤੁਹਾਡਾ ?

ਕਾਮਰੇਡ : ਆਹ ਦਰਖਾਸਤ ਏ ਜੀ।

ਥਾਣੇਦਾਰ : ਕਿਸ ਬਾਰੇ ?

ਕਾਮਰੇਡ : ਦਰਖਾਸਤ ਵਿੱਚ ਲਿਖਿਐ ਸਭ ਕੁੱਝ।

ਥਾਣੇਦਾਰ : ਫਿਰ ਵੀ ਚਲਦਾ ਚਲਦਾ ਜਿਹਾ ਚਾਨਣਾ ਪਾ ਦਿਓ।

ਨੱਥਾ ਸਿੰਘ : ਜੀ ਪਰਸੋਂ ਸ਼ਾਮ ਦਿਨ ਛਿਪੇ ਇੱਕ ਵਿਗੜੇ ਹੋਏ ਮੁੰਡੇ ਨੇ ਥੱਪੜ ਮਾਰ ਕੇ ਇਨ੍ਹਾਂ ਦੀ ਪੱਗ ਲਾਹ ਦਿੱਤੀ। ਉਸ ਤੋਂ ਵੀ ਭੈੜੀ ਗੱਲ ਉਸ ਨੇ ਆਹ ਕੀਤੀ ਕਿ ਕਾਮਰੇਡ ਸਾਹਿਬ ਨੂੰ ਭੈਣਾਂ ਦੀਆਂ ਗਾਲ੍ਹਾਂ ਕੱਢੀਆਂ।

ਥਾਣੇਦਾਰ : (ਚੌਕੰਨਾ ਹੁੰਦਾ ਹੋਇਆ) ਤੁਸੀਂ ਕਾਮਰੇਡ ਹੋ ?

ਕਾਮਰੇਡ : ਹਾਂ ਜੀ, ਮੈਨੂੰ ਕਾਮਰੇਡ ਹੀ ਕਹਿੰਦੇ ਨੇ।

ਥਾਣੇਦਾਰ : (ਦਰਖਾਸਤ ਪੜ੍ਹਨ ਉਪਰੰਤ) ਬਜ਼ੁਰਗੋ, ਤੁਸੀਂ ਇਸ ਸਿਆਣੀ ਉਮਰੇ ਕਿਸ ਮੁਸ਼ਟੰਡੇ ਨਾਲ ਪੰਗਾ ਪਾ ਬੈਠੇ। ਇਨ੍ਹਾਂ ਤੋਂ ਤਾਂ ਖਹਿੜਾ ਛੁਡਾਉਣਾ ਹੀ ਚੰਗੈ।

ਕਾਮਰੇਡ : ਉਹ ਤਾਂ ਆਪ ਮੇਰੇ ਖਹਿੜੇ ਪੈ ਗਿਆ। ਇੱਕ ਸੌ ਵੀਹ ਦੀ ਸਪੀਡ 'ਤੇ ਮੋਟਰ ਸਾਈਕਲ ਚਲਾਉਂਦਾ ਮੇਰੇ 'ਚ ਆ ਵੱਜਿਆ।

ਥਾਣੇਦਾਰ : ਸਭ ਸਾਲੇ ਮੁੰਡੇ ਖੁੰਡੇ ਇੰਜ ਹੀ ਉਡਾਉਂਦੇ ਨੇ। ਅਸੀਂ ਇਨ੍ਹਾਂ ਨੂੰ ਮਸਾਂ ਫੜ ਫੜ ਕੇ ਅੰਦਰ ਡੱਕਦੇ ਹਾਂ। ਮਗਰੇ ਮਗਰ ਪਿੰਡਾਂ ਦੇ ਚੌਧਰੀ ਆ ਜਾਂਦੇ ਨੇ ਛੁਡਾਉਣ ਵਾਸਤੇ। ਨਾ ਛੱਡੀਏ ਤਾਂ ਉਪਰੋਂ ਫੋਨ ਕਰਵਾ ਦਿੰਦੇ ਨੇ ਮੰਤਰੀਆਂ ਸੰਤਰੀਆਂ ਦੇ।

ਕਾਮਰੇਡ : ਅਸੀਂ ਤਾਂ ਸ਼ਿਕਾਇਤ ਤੁਹਾਡੇ ਕੋਲ ਹੀ ਕਰਨੀ ਹੁੰਦੀ ਇਸ ਤਰ੍ਹਾਂ ਦੀ।

ਥਾਣੇਦਾਰ : ਕਦੋਂ ਮਨ੍ਹਾਂ ਕੀਤੈ, ਕਰੀ ਜਾਓ ਸ਼ਕੈਤ। ਡਿਊਟੀ ਬੜੀ ਹਾਰਡ ਹੋਈ ਪਈ ਏ। ਸਟਾਫ ਘੱਟ ਤੇ ਕੰਮਾਂ ਦੇ ਢੇਰ, ਸਾਨੂੰ ਪਤੈ ਦਿਨ

ਰਾਤ ਕੀ ਭਾਅ ਵਿਕਦੀ ਏ।

ਨੱਥਾ ਸਿੰਘ : ਇਹ ਕਾਮਰੇਡ ਸਾਹਿਬ ਸਾਰੀ ਉਮਰ ਲੋਕਾਂ ਦੇ ਕੰਮ ਆਉਂਦੇ ਰਹੇ। ਮੁਲਾਜ਼ਮ ਨੇਤਾ ਰਹੇ ਨੇ ਕਿਸੇ ਸਮੇਂ. ਸੱਤ ਅੱਠ ਕਿਤਾਬਾਂ ਵੀ ਲਿਖੀਆਂ ਨੇ ਇਨ੍ਹਾਂ।

ਥਾਣੇਦਾਰ : (ਮੁਸਕਰਾ ਕੇ) ਲਿਖਾਰੀ ਹੋ ? ਅਜੇ ਕੱਲ੍ਹ ਬੜਾ ਸਖਤ ਪੱਤਰ ਆਇਐ ਸਰਕਾਰ ਦਾ ਕਿ ਇਲਾਕੇ ਦੇ ਲਿਖਾਰੀਆਂ ਦੀਆਂ ਕਿਤਾਬਾਂ ਦਾ ਪੋਸਟ ਮਾਰਟਮ ਕਰ ਕੇ ਰਿਪੋਰਟ ਭੇਜੋ।

ਨੱਥਾ ਸਿੰਘ : ਕਿਤਾਬਾਂ ਦਾ ਪੋਸਟ ਮਾਰਟਮ ?

ਥਾਣੇਦਾਰ : ਹਾਂ ਹਾਂ, ਕਈ ਲਿਖਾਰੀ ਬੜਾ ਕੁੱਝ ਵਿੰਗਾ ਟੇਢਾ ਲਿਖ ਕੇ ਲੋਕਾਂ ਨੂੰ ਆਪਣੀ ਸਰਕਾਰ ਦੇ ਖਿਲਾਫ਼ ਭੜਕਾਉਂਦੇ ਨੇ। ਇਹ ਲੋਕ ਖਾਂਦੇ ਪੀਂਦੇ ਤਾਂ ਆਪਣੇ ਦੇਸ਼ ਦਾ, ਸਿਫਤਾਂ ਕਰਦੇ ਨੇ ਰੂਸ ਚੀਨ ਦੀਆਂ। (ਕਾਮਰੇਡ ਨੂੰ) ਆਪਣੀਆਂ ਕਿਤਾਬਾਂ ਮੰਗਵਾਓ ਇੱਥੇ।

ਕਾਮਰੇਡ : ਮੇਰੀਆਂ ਕਿਤਾਬਾਂ ਦੀ ਇੱਕ ਵੀ ਕਾਪੀ ਘਰ ਨਹੀਂ ਬਚੀ।

ਥਾਣੇਦਾਰ : ਸਭ ਵਿਕ ਗਈਆਂ ?

ਕਾਮਰੇਡ : ਜੀ।

ਥਾਣੇਦਾਰ : ਫਿਰ ਕਿੱਥੋਂ ਮਿਲਣਗੀਆਂ ?

ਕਾਮਰੇਡ : ਇਹ ਤਾਂ ਪਬਲਿਸ਼ਰ ਹੀ ਦੱਸ ਸਕਦੈ, ਉਸ ਪਾਸ ਕੋਈ ਬਚੀ ਏ ਕਿ ਨਹੀਂ।

ਥਾਣੇਦਾਰ : ਕਿੱਥੇ ਰਹਿੰਦੈ ਉਹ ?

ਕਾਮਰੇਡ : ਮੇਰਾ ਪਬਲਿਸ਼ਰ ਤਾਂ ਲੁਧਿਆਣੇ ਰਹਿੰਦੈ।

ਥਾਣੇਦਾਰ : (ਸੋਚ ਕੇ) ਮੈਨੂੰ ਪਤੈ ਤੁਸੀਂ ਇਨਕਲਾਬੀ ਲਿਖਾਰੀ ਹੋ। ਕਦੋਂ ਆਵੇਗਾ ਇਨਕਲਾਬ ?

ਕਾਮਰੇਡ : ਮੇਰਾ ਇਸ ਨਾਲ ਕੋਈ ਸਬੰਧ ਨਹੀਂ।

ਥਾਣੇਦਾਰ : ਤੁਸੀਂ ਲਿਖਦੇ ਕਿਉਂ ਹੋ ? ਜੇ ਨਾ ਲਿਖੋ ਤਾਂ ਦੁਨੀਆਂ ਦੀ ਚਾਲ ਢਾਲ ਨੂੰ ਕੀ ਹੋਜੂ ?

ਕਾਮਰੇਡ : ਬਾਬਾ ਨਾਨਕ ਵੀ ਤਾਂ ਲਿਖਦਾ ਸੀ।

ਥਾਣੇਦਾਰ : ਬਾਬਾ ਨਾਨਕ ਤਾਂ ਖ਼ੁਦ ਰੱਬ ਸੀ। ਤੁਸੀਂ ਉਹਦੇ ਬਰਾਬਰ ਕਿਵੇਂ ਹੋ ਗਏ ? ਟਕੇ ਦੇ ਮੁੰਡੇ ਕੋਲੋਂ ਪੱਗ ਲੁਹਾ ਲਈ।

(ਹਿੰਮਤ ਸਿੰਘ ਆਉਂਦਾ ਹੈ)

ਕਾਮਰੇਡ : ਤੁਸੀਂ ਉਸ ਮੁਸ਼ਟੰਡੇ ਨੂੰ ਫੜ ਕੇ ਲਿਆਓ।

ਥਾਣੇਦਾਰ : ਬੰਦੇ ਭੇਜਦੇ ਹਾਂ ਫੜਨ ਲਈ। ਮਹਿਕਮੇ ਦੀ ਇੱਕ ਜ਼ਰੂਰੀ ਮੀਟਿੰਗ ਅਟੈਂਡ ਕਰਨ ਜਾ ਰਿਹਾਂ। ਸ਼ਾਮ ਪੰਜ ਵਜੇ ਆ ਜਾਇਓ।

ਹਿੰਮਤ ਸਿੰਘ : ਸ਼ਾਮ ਪੰਜ ਵਜੇ ਕਿਉਂ ? ਉਹ ਬਦਮਾਸ਼ ਮੁੰਡੇ ਨੂੰ ਫੜ ਕੇ ਲਿਆਓ



ਇਥੇ ਤੇ ਪੁੱਛ ਪੜਤਾਲ ਕਰੋ।

ਥਾਣੇਦਾਰ : ਲਾਅ ਐਂਡ ਆਰਡਰ ਬਾਰੇ ਹੰਗਾਮੀ ਮੀਟਿੰਗ ਸੱਦੀ ਏ ਪ੍ਰਸ਼ਾਸਨ ਨੇ। ਉੱਥੇ ਜਾਣਾ ਜ਼ਰੂਰੀ ਏ ਕਿ ਆਹ ਰੰਡੀ ਰੋਣੇ ਦਾ ਨਿਪਟਾਰਾ ਕਰਨਾ ?

ਸਿਪਾਹੀ : ਸਰ, ਆਹ ਰੰਡੀ ਰੋਣਾ ਤਾਂ ਚਲਦਾ ਈ ਰਹਿੰਦੈ ਚੌਵੀ ਘੰਟੇ।

ਹਿੰਮਤ ਸਿੰਘ : (ਥਾਣੇਦਾਰ ਨੂੰ) ਥਾਣੇਦਾਰ ਸਾਹਿਬ, ਜੇ ਤੁਸੀਂ ਮੀਟਿੰਗ ਅਟੈਂਡ ਕਰਨੀ ਏ ਤਾਂ ਆਪਣੀ ਥਾਂ ਨੈਕਸਟ ਕਰਮਚਾਰੀ ਦੀ ਡਿਊਟੀ ਲਾ ਦਿਓ।

ਥਾਣੇਦਾਰ : ਅਡਵਾਈਸ ਨਹੀਂ ਕਰਨੀ। ਸਾਡੇ ਮਹਿਕਮੇ ਦੇ ਕੰਮਾਂ ਦਾ ਤੁਹਾਨੂੰ ਕੀ ਪਤੈ। ਸ਼ਾਮ ਪੰਜ ਵਜੇ ਆ ਜਾਣਾ, ਆਪਣੀਆਂ ਕਿਤਾਬਾਂ ਵੀ ਲੈ ਆਉਣਾ ਕਾਮਰੇਡ ਜੀ।

ਹਿੰਮਤ ਸਿੰਘ : ਅਸੀਂ ਕਿਤਾਬਾਂ ਵਾਲੇ ਇਸ ਇਸ਼ੂ ’ਚ ਇਸ ਵਕਤ ਉਲਝਣਾ ਨਹੀਂ ਚਾਹੁੰਦੇ, ਅਸੀਂ ਤਾਂ ਉਸ ਵੱਡੇ ਬਦਮਾਸ਼ ਨੂੰ ਵੇਖਣਾ ਚਾਹੁੰਦੇ ਹਾਂ ਜਿਹਨੇ ਇੱਕ ਬਜ਼ੁਰਗ ਦੀ ਪੱਗ ਲਾਹ ਦਿੱਤੀ।

ਥਾਣੇਦਾਰ : ਫਿਰ ਤੁਸੀਂ ਸਿੱਧੇ ਹੀ ਉਸ ਮੁੰਡੇ ਨੂੰ ਟੱਕਰ ਲੈਣਾ ਸੀ, ਇੱਥੇ ਕੀ ਲੈਣ ਆਏ ?

ਹਿੰਮਤ ਸਿੰਘ : ਅਸੀਂ ਕਾਨੂੰਨ ਆਪਣੇ ਹੱਥ ’ਚ ਨਹੀਂ ਲੈਣਾ ਚਾਹੁੰਦੇ।

ਥਾਣੇਦਾਰ : ਫਿਰ ਕਾਨੂੰਨ ਨੂੰ ਆਪਣਾ ਕੰਮ ਕਰਨ ਦਿਓ। ਠੀਕ ਏ ਪੰਜ ਵਜੇ.... (ਥਾਣੇਦਾਰ ਚਲਾ ਜਾਂਦਾ ਹੈ)

ਸਿਪਾਹੀ : ਕਾਨੂੰਨ ਆਪਣਾ ਕੰਮ ਪੰਜ ਵਜੇ ਕਰੇਗਾ। ਇੱਥੇ ਫੈਸਲੇ ਸ਼ਾਮ ਨੂੰ ਛੇਤੀ ਹੁੰਦੇ ਨੇ ਕਾਮਰੇਡ ਜੀ।

ਕਾਮਰੇਡ : ਇਸ ਤਰ੍ਹਾਂ ਕਿਉਂ ?

ਸਿਪਾਹੀ : ਸ਼ਾਮ ਨੂੰ ਹਰ ਬੰਦੇ ਦੇ ਸਿਰ ’ਚ ਕੀੜੇ ਨੱਚਣ ਲੱਗ ਪੈਂਦੇ ਨੇ। ਦੋ ਚਾਰ ਪੈੱਗ ਅੰਦਰ ਜਾਣ ਤਾਂ ਕੀੜੇ ਵੀ ਸ਼ਰਾਬੀ। (ਹੱਸਦਾ ਹੈ) ਤੁਸੀਂ ਦਸ ਬੰਦੇ ਆ ਗਏ ਤਾਂ ਤਿੰਨ ਚਾਰ ਬੋਤਲਾਂ ਉੱਡੀਆਂ ਸਮਝੋ।

ਹਿੰਮਤ ਸਿੰਘ : ਅਸੀਂ ਦਸ ਜਣੇ ਹੋਈਏ ਜਾਂ ਵੀਹ। ਸਾਡੇ ਵਿੱਚੋਂ ਇੱਕ ਬੰਦਾ ਵੀ ਕਾਮਰੇਡ ਦਾ ਇੱਕ ਪੈਸਾ ਨਹੀਂ ਲਵਾਏਗਾ, ਚਾਹ ਪੀਵਾਂਗੇ ਤਾਂ ਵੀ ਆਪੋ ਆਪਣੀ।

ਸਿਪਾਹੀ : ਫਿਰ ਤਾਂ ਅੱਜ ਇਨਕਲਾਬ ਆ ਕੇ ਹੀ ਰਹੇਗਾ।

ਕਾਮਰੇਡ : (ਹਿੰਮਤ ਸਿੰਘ ਨੂੰ) ਤੁਹਾਡੀ ਮਿਹਰਬਾਨੀ, ਤੁਸੀਂ ਐਨ ਸਮੇਂ ਸਿਰ ਆ ਗਏ ਸਾਥੀ ਲੈ ਕੇ।

ਹਿੰਮਤ ਸਿੰਘ : ਸ਼ਾਮ ਨੂੰ ਹੋਰ ਸਾਥੀ ਵੀ ਲੈ ਕੇ ਆਵਾਂਗੇ। ਸ਼ਾਮ ਨੂੰ ਗੱਲ ਸਿਰੇ ਲਾ

ਕੇ ਹੀ ਵਾਪਸ ਜਾਵਾਂਗੇ।

(ਸਾਰੇ ਜਾਂਦੇ ਹਨ) (ਹਨ੍ਹੇਰਾ)

## ਦ੍ਰਿਸ਼ ਚਾਰ

ਸਥਾਨ : ਪੁਲਿਸ ਸਟੇਸ਼ਨ ਦਾ ਵਿਹੜਾ।

ਕਾਮਰੇਡ : (ਘੜੀ ਵੱਲ ਵੇਖਦਾ ਹੋਇਆ ਹਿੰਮਤ ਸਿੰਘ ਨੂੰ) ਟਾਈਮ ਪੰਜ ਵਜੇ ਦਾ ਦਿੱਤਾ ਸੀ, ਸਾਢੇ ਪੰਜ ਵੱਜ ਗਏ ਨੇ। ਥਾਣੇਦਾਰ ਦੀ ਕੁਰਸੀ ਅਜੇ ਵੀ ਖਾਲ਼ੀ ਪਈ ਏ।

ਹਿੰਮਤ ਸਿੰਘ : ਕੋਈ ਨਹੀਂ ਭਾਵੇਂ ਅੱਠ ਨਾ ਵੱਜ ਜਾਣ, ਅੱਜ ਗੱਲ ਸਿਰੇ ਲਾ ਕੇ ਹੀ ਜਾਵਾਂਗੇ।

ਸਿਪਾਹੀ : ਗੱਲ ਕਿਵੇਂ ਸਿਰੇ ਲੱਗੇਗੀ ਇਹ ਤਾਂ ਮੌਕਾ ਹੀ ਦੱਸੇਗਾ। ਸਾਹਿਬ ਕੁੱਝ ਜ਼ਿਆਦਾ ਹੀ ਬਿਜ਼ੀ ਹੋ ਗਏ ਜਾਪਦੇ ਨੇ। ਪਰ ਭਾ ਜੀ ਇੱਕ ਗੱਲ ਪੱਲੇ ਬੰਨ੍ਹ ਲਓ...

ਹਿੰਮਤ ਸਿੰਘ : ਕਿਹੜੀ ਗੱਲ?

ਸਿਪਾਹੀ : ਅੱਜਕਲ੍ਹ ਜੁਗਾੜਬੰਦੀ ਕੀਤੀ ਕੰਮ ਆਉਂਦੀ ਏ। ਐਵੇਂ ਥੁੱਕੀਂ ਵੜੇ ਨਾ ਪਕਾਉਣ ਲੱਗ ਪਇਓ।

ਹਿੰਮਤ ਸਿੰਘ : ਜੁਗਾੜਬੰਦੀ ਦਾ ਕੀ ਹਿਸਾਬ ਕਿਤਾਬ ਏ?

ਸਿਪਾਹੀ : (ਹੱਸਦਾ ਹੋਇਆ) ਪਹਿਲੀ ਵਾਰ ਠਾਣੇ ਆਏ ਲਗਦੇ ਹੋ। ਇਹ ਠਾਣਾ ਏ ਠਾਣਾ, ਇੱਥੇ ਆਉਣ ਤੋਂ ਤਾਂ ਧਰਮਰਾਜ ਵੀ ਥਰ ਥਰ ਕੰਬਦਾ ਏ।

ਹਿੰਮਤ ਸਿੰਘ : ਆ ਲੈਣ ਦਿਓ ਥਾਣੇਦਾਰ ਨੂੰ, ਵੇਖ ਲਵਾਂਗੇ।

ਸਿਪਾਹੀ : ਬਾਹਰ ਗੱਡੀ ਦੀ ਅਵਾਜ਼ ਆ ਗਈ, ਸਾਹਿਬ ਦੀ ਗੱਡੀ ਏ। ਇਸ ਗੱਡੀ ਦੀ 'ਵਾਜ ਬੜੀ ਰੋਅਬ ਵਾਲੀ ਏ। ਲਓ ਜੀ, ਤੁਹਾਡੀ ਉਡੀਕ ਖਤਮ ਤੇ ਮਜਮਾ ਸ਼ੁਰੂ।

(ਥਾਣੇਦਾਰ ਆ ਕੇ ਕੁਰਸੀ 'ਤੇ ਬੈਠਦਾ ਹੈ)

ਥਾਣੇਦਾਰ : (ਸਿਪਾਹੀ ਨੂੰ) ਉਹ ਬਦਮਾਸ਼ ਫੜ ਕੇ ਲਿਆਂਦਾ ਏ ਕਿ ਨਹੀਂ?

ਸਿਪਾਹੀ : ਸਾਹਿਬ ਜੀ, ਦੋ ਮੁਲਾਜ਼ਮ ਗਏ ਸੀ। ਬੜੀ ਮਿਹਨਤ ਕੀਤੀ, ਪੂਰੀ ਸਰਚ ਕੀਤੀ ਤਾਂ ਜਾ ਕੇ ਉਹ ਕਾਬੂ ਆਇਆ। ਉਹਨੂੰ ਡੱਕ ਦਿੱਤੈ ਮੱਛਰਾਂ ਵਾਲੇ ਕਮਰੇ 'ਚ।

ਥਾਣੇਦਾਰ : (ਕਾਮਰੇਡ ਨੂੰ) ਬਾਹਰ ਵੀਹ ਪੰਝੀ ਬੰਦੇ ਖੜ੍ਹੇ ਨੇ, ਕੌਣ ਨੇ ਉਹ?

ਕਾਮਰੇਡ : ਜੀ ਉਹ ਸਾਡੇ ਸਾਥੀ ਨੇ।

ਥਾਣੇਦਾਰ : ਇੱਥੇ ਕੋਈ ਕਬੱਡੀ ਦਾ ਮੈਚ ਹੋਣਾ ਏ? ਐਨਾ ਰਸ਼ ਕਰ ਲਿਐ।

ਹਿੰਮਤ ਸਿੰਘ : ਉਹ ਬੰਦੇ ਤਾਂ ਹਮਦਰਦੀ ਕਰਕੇ ਆਪੇ ਆ ਗਏ ਨੇ।

ਥਾਣੇਦਾਰ : (ਸਿਪਾਹੀ ਨੂੰ) ਉਸ ਬਦਮਾਸ਼ ਘੁੱਗ ਨੂੰ ਬੁਲਾ ਇੱਥੇ।



(ਸਿਪਾਹੀ ਚਲਾ ਜਾਂਦਾ ਹੈ)

ਸਵੇਰ ਤੋਂ ਰਾਤ ਤਾਈਂ ਚੱਲ ਸੋ ਚੱਲ। ਚੌਵੀ ਘੰਟੇ ਇਹੋ ਕੁੱਤੇ ਖਾਣੀ ਚਲਦੀ ਰਹਿੰਦੀ ਏ। ਇੱਕ ਬਦਮਾਸ਼ ਨੂੰ ਸੋਧਾ ਲਾਉਂਦੇ ਹਾਂ ਤਾਂ ਦਸ ਹੋਰ ਉੱਠ ਪੈਂਦੇ ਨੇ। ਕਾਹਦੀ ਡਿਊਟੀ ਏ....

ਹਿੰਮਤ ਸਿੰਘ : ਕਿਸੇ ਨਾ ਕਿਸੇ ਨੂੰ ਡਿਊਟੀ ਤਾਂ ਕਰਨੀ ਹੀ ਪੈਣੀ ਏ।

(ਸਿਪਾਹੀ, ਘੁੱਗ ਨੂੰ ਲੈ ਕੇ ਆਉਂਦਾ ਹੈ)

ਘੁੱਗ : ਸਾਹਿਬ ਬਹਾਦਰ, ਸਾਸਰੀ ਕਾਲ। ਮੈਨੂੰ ਬੁਲਾਇਐ, ਕੀ ਹੁਕਮ ਏ ਸਰਕਾਰ ਦਾ?

ਥਾਣੇਦਾਰ : ਤੂੰ ਕੱਲ੍ਹ ਦਿਨ ਛਿਪੇ ਇਸ ਬਜ਼ੁਰਗ ਦੇ ਥੱਪੜ ਮਾਰ ਕੇ ਇਹਦੀ ਪੱਗ ਲਾਹੀ ਸੀ?

ਘੁੱਗ : ਮੈਂ? ਮੈਂ ਕਿਉਂ ਕਿਸੇ ਦੀ ਪੱਗ ਲਾਹਵਾਂ? (ਕਾਮਰੇਡ ਨੂੰ) ਮੈਂ ਤੇਰੀ ਪੱਗ ਕਿੱਥੇ ਲਾਹੀ ਸੀ?

ਕਾਮਰੇਡ : ਤੈਨੂੰ ਨਹੀਂ ਪਤਾ? ਪੱਗ ਵੀ ਲਾਹੀ ਸੀ ਤੇ.... (ਗੁੱਸੇ ਵਿੱਚ) ਭੈਣਾਂ ਦੀਆਂ ਗਾਲ੍ਹਾਂ ਵੀ ਕੱਢੀਆਂ ਸੀ ਤੂੰ ਇਸ ਗੰਦੀ ਜ਼ੁਬਾਨ ਤੋਂ।

ਘੁੱਗ : ਤੇਰੀ ਜ਼ੁਬਾਨ ਤੋਂ ਫੁੱਲ ਕਿਰਦੇ ਨੇ। ਹੋਸ਼ ਨਾਲ ਬੋਲ.... ਨਹੀਂ ਤਾਂ ਪਛਤਾਵੇਂਗਾ ਬੁੱਢਿਆ।

ਹਿੰਮਤ ਸਿੰਘ : (ਘੁੱਗ ਨੂੰ) ਤੈਨੂੰ ਸ਼ਰਮ ਨਹੀਂ ਆਉਂਦੀ ਇਸ ਸਤਿਕਾਰਯੋਗ ਬਜ਼ੁਰਗ ਨੂੰ ਇੰਜ ਬੋਲਦੇ।

ਘੁੱਗ : ਇਹ ਬੁੱਢਾ ਸਤਿਕਾਰਜੋਗ ਏ ਤਾਂ ਆਪਾਂ ਕਿਹੜੇ ਲੁੱਚੇ ਲਫੰਗੇ ਬਦਮਾਸ਼ ਆਂ।

ਹਿੰਮਤ ਸਿੰਘ : ਤੂੰ ਜੋ ਵੀ ਹੈਂ ਤੇਰੀ ਜ਼ੁਬਾਨ ਦੱਸ ਰਹੀ ਏ। (ਥਾਣੇਦਾਰ ਨੂੰ) ਥਾਣੇਦਾਰ ਸਾਹਿਬ, ਇਹ ਕਾਮਰੇਡ ਸੱਚਾ ਸੁੱਚਾ ਇਨਸਾਨ ਏ। ਇਹਨਾਂ ਹੋਰ ਕਿਸੇ ਦਾ ਨਾਂ ਕਿਉਂ ਨਹੀਂ ਲਿਆ ਪੱਗ ਲਾਹੁਣ ਬਾਰੇ।

ਥਾਣੇਦਾਰ : ਘੁੱਗ, ਜੇ ਤੇਰੇ ਕੋਲੋਂ ਗਲਤੀ ਹੋ ਗਈ ਏ ਤਾਂ ਬੰਦਿਆਂ ਵਾਂਗੂੰ ਮੰਨ ਜਾ, ਨਹੀਂ ਤਾਂ ਤੈਨੂੰ ਪਤੈ ਸਾਡਾ...

ਘੁੱਗ : ਸਾਹਿਬ ਜੀ, ਗਲਤੀ ਕੀਤੀ ਨਹੀਂ ਤਾਂ ਆਪਣੇ ਸਿਰ ਕਿਉਂ ਲੈ ਲਵਾਂ।

ਥਾਣੇਦਾਰ : ਇਹ ਕਾਮਰੇਡ ਤੇਰਾ ਹੀ ਨਾਂ ਲੈ ਰਿਹੈ।

ਘੁੱਗ : ਨਾਂ ਲੈਂਦਾ ਏ ਤਾਂ ਲਈ ਜਾਵੇ। ਮੈਂ ਇਹਦਾ ਸਿਰ ਤਾਂ ਨਹੀਂ ਪਾੜ ਦਿੱਤਾ।

ਹਿੰਮਤ ਸਿੰਘ : ਸਿਰ ਨਹੀਂ ਪਾੜਿਆ ਪਰ ਤੂੰ ਪੱਗ ਵੀ ਲਾਹੀ ਏ ਤੇ ਗਾਲ੍ਹਾਂ ਵੀ ਕੱਢੀਆਂ।

ਘੁੱਗ : ਹੈ ਕੋਈ ਸਬੂਤ ਕਿ ਮੈਂ ਇਸ ਬੰਦੇ ਦੇ ਥੱਪੜ ਜੜਿਐ ?

ਥਾਣੇਦਾਰ : (ਕਾਮਰੇਡ ਨੂੰ) ਤੁਹਾਡੇ ਪਾਸ ਕੀ ਸਬੂਤ ਏ ਕਿ ਇਹ ਨੌਜਵਾਨ ਦੋਸ਼ੀ ਏ ?

ਕਾਮਰੇਡ : ਬਾਹਰ ਮੇਰੇ ਸਾਥੀ ਖੜ੍ਹੇ ਨੇ, ਉਹਨਾਂ ਵਿੱਚ ਦੋ ਬੰਦੇ ਮੌਕੇ 'ਤੇ ਉੱਥੇ ਸਨ। ਬੁਲਾਵਾਂ ਉਹਨਾਂ ਨੂੰ ?

ਘੁੱਗ : ਝੂਠੇ ਗਵਾਹ ਜਿੰਨੇ ਮਰਜ਼ੀ ਬਣਾ ਲਓ ਦਾਰੂ ਪਿਆ ਕੇ। ਉਹਨਾਂ ਦੋ ਬੰਦਿਆਂ ਦੀ ਵੀ ਇਸ ਬੁੱਢੇ ਨੇ ਚੁੰਝ ਗਿੱਲੀ ਕੀਤੀ ਹੋਣੀ ਏ।

ਥਾਣੇਦਾਰ : ਘੁੱਗ, ਤੇਰਾ ਵੀ ਗਵਾਹ ਹੈ ਕੋਈ ਇੱਥੇ ?

ਘੁੱਗ : ਆਏ ਨੇ ਚਾਰ ਪੰਜ ਲੰਬੜ ਕੱਟੇ। (ਇਧਰ ਉਧਰ ਵੇਖਦਾ ਹੈ ਪਰ ਉਸ ਦਾ ਕੋਈ ਸਾਥੀ ਵਿਖਾਈ ਨਹੀਂ ਦਿੰਦਾ) ਸਾਲੇ ਮੇਰੇ ਠੇਕੇ 'ਤੇ ਜਾ ਵੱਜੇ ਹੋਣੇ ਨੇ। ਪਰ ਮੈਨੂੰ ਗਵਾਹ ਦੀ ਲੋੜ ਈ ਕੀ ਏ ਜਦ ਮੈਂ ਕੋਈ ਗਲਤੀ ਨਹੀਂ ਕੀਤੀ।

ਥਾਣੇਦਾਰ : (ਰੋਅਬ ਨਾਲ) ਧਿਆਨ ਨਾਲ ਸੁਣੋ ਦੋਵੇਂ ਧਿਰਾਂ, ਪੁਲੀਸ ਸਾਰੇ ਮਾਮਲੇ ਦੀ ਤਫਤੀਸ਼ ਕਰੇਗੀ ਮੌਕੇ 'ਤੇ ਜਾ ਕੇ। ਅੱਜ ਰਾਤ ਕਾਮਰੇਡ ਤੇ ਘੁੱਗ ਨੂੰ ਅੰਦਰ ਡੱਕ ਦਿੰਦੇ ਹਾਂ। ਫੈਸਲਾ ਕੱਲ੍ਹ ਹੋਵੇਗਾ। (ਹਿੰਮਤ ਸਿੰਘ ਨੂੰ, ਜੋ ਕਿਸੇ ਨੂੰ ਫੋਨ ਕਰ ਰਿਹਾ ਹੈ) ਤੂੰ ਕਿਹਨੂੰ ਫੋਨ ਤੇ ਸਾਰੀ ਸੂਚਨਾ ਦੇ ਰਿਹੈਂ ?

ਹਿੰਮਤ ਸਿੰਘ : ਬਾਹਰ ਖੜ੍ਹੇ ਸਾਥੀਆਂ ਨੂੰ। ਅਸੀਂ ਪੂਰਾ ਮੇਲਾ ਲਾਵਾਂਗੇ ਸਾਰੀ ਰਾਤ।

ਥਾਣੇਦਾਰ : ਸਾਨੂੰ ਧਮਕੀ ਦੇ ਰਿਹੈਂ ? ਦੋ ਮਿੰਟ ਨਹੀਂ ਕੱਢਣਾ ਇਨ੍ਹਾਂ ਭੇਡਾਂ ਬੱਕਰੀਆਂ ਨੇ।

ਹਿੰਮਤ ਸਿੰਘ : ਇਹ ਭੇਡਾਂ ਬੱਕਰੀਆਂ ਨਹੀਂ, ਇਹ ਪੂਰੇ ਯੋਧੇ ਨੇ। ਮੁਲਾਜ਼ਮ ਘੋਲ ਵਿੱਚ ਕਈ ਵਾਰ ਜੇਲ੍ਹ ਜਾ ਚੁੱਕੇ ਨੇ।

ਬਾਹਰੋਂ ਆਵਾਜ਼ਾਂ : ਗੁੰਡਾ ਗਰਦੀ ਮੁਰਦਾਬਾਦ। ਧੱਕਾਸ਼ਾਹੀ ਨਹੀਂ ਚੱਲੇਗੀ, ਨਹੀਂ ਚੱਲੇਗੀ। ਬੁਰਛਾਗਰਦੀ ਮੁਰਦਾਬਾਦ।

ਥਾਣੇਦਾਰ : (ਸਿਪਾਹੀ ਨੂੰ) ਬਾਹਰ ਵੇਖ ਕੇ ਆ ਕਿੰਨੇ ਕੁ ਬੰਦੇ ਨੇ ਉੱਥੇ ? ਕੋਈ ਅਖਬਾਰ ਵਾਲਾ ਤਾਂ ਨਹੀਂ ਆ ਬਹੁੜਿਆ ?

(ਸਿਪਾਹੀ ਜਾਂਦਾ ਹੈ)

ਅਸੀਂ ਨਾਅਰਿਆਂ ਦੇ ਪਰੈਸ਼ਰ ਹੇਠ ਆਉਣ ਵਾਲੇ ਨਹੀਂ, ਖੰਨੀ ਖਾਂ ਮੰਨੇ ਪਰਮੰਨੇ ਥਾਣੇਦਾਰ ਹਾਂ।

ਬਾਹਰੋਂ ਆਵਾਜ਼ਾਂ : ਬਜ਼ੁਰਗ ਨੂੰ ਇਨਸਾਫ ਦਿਓ। ਗੁੰਡੇ ਨੂੰ ਅੰਦਰ ਕਰੋ, ਗੁੰਡਾ ਗਰਦੀ ਮੁਰਦਾਬਾਦ।

(ਸਿਪਾਹੀ ਦੌੜਿਆ ਹੋਇਆ ਆਉਂਦਾ ਹੈ)



ਸਿਪਾਹੀ : (ਥਾਣੇਦਾਰ ਨੂੰ) ਜਨਾਬ, ਬਾਹਰ ਤਾਂ ਫਿਲਮ ਲੱਗੀ ਏ।

ਥਾਣੇਦਾਰ : ਕਿਸ ਲਾਈ ਏ ਫਿਲਮ ?

ਹਿੰਮਤ ਸਿੰਘ : ਸਾਡੇ ਇੱਕ ਸਾਥੀ ਨੇ ਚੈਨਲ ਵਾਲੇ।

ਥਾਣੇਦਾਰ : (ਘਬਰਾਹਟ ਵਿੱਚ) ਚੈਨਲ ਵਾਲੇ ? (ਸਿਪਾਹੀ ਨੂੰ) ਫਿਲਮ ਵਿੱਚ ਕੀ ਵੇਖਿਆ ?

ਸਿਪਾਹੀ : ਫਿਲਮ ਵਿੱਚ ਘੁੱਗ ਨੇ ਇਸ ਕਾਮਰੇਡ ਦੇ ਠਾਹ ਥੱਪੜ ਜੜ ਕੇ ਇਹਦੀ ਪੱਗ ਲਾਹ ਮਾਰੀ ਤੇ ਨਾਲੇ ਗਾਲ੍ਹਾਂ ਦਾ ਪਰਸ਼ਾਦ ਵੀ ਦੇ ਦਿੱਤਾ।

ਥਾਣੇਦਾਰ : (ਘਬਰਾਹਟ ਵਿੱਚ ਸਿਪਾਹੀ ਨੂੰ) ਸ਼ਟ ਅਪ ਨਾਨ ਸੈਨਸ। (ਰੋਅਬ ਵਿਚ ਘੁੱਗ ਨੂੰ) ਓਏ ਘੁੱਗ, ਫਿਲਮ ਵਿੱਚ ਤੂੰ ਏਂ ਜਾਂ ਤੇਰਾ ਪਿਓ ?

ਘੁੱਗ : ਮੈਂ.....ਮੈਂ....

ਥਾਣੇਦਾਰ : ਹਾਂ, ਤੇਰੇ 'ਤੇ ਲਾਉਂਦਾ ਵਾਂ ਧਾਰਾ ਐਸੀ ਕਿ ਪਤਾ ਲਗਜੂ ਕਿਸੇ ਬਜ਼ੁਰਗ, ਭਲੇਮਾਣਸ ਨੂੰ ਹੱਥ ਕਿਵੇਂ ਪਾਈਦੈ। (ਕਾਮਰੇਡ ਨੂੰ) ਬਜ਼ੁਰਗੋ ਤੁਸੀਂ ਜਾਓ, ਤੁਹਾਡੀ ਡਿਊਟੀ ਖਤਮ ਤੇ ਸਾਡੀ ਸ਼ੁਰੂ। (ਸਿਪਾਹੀ ਨੂੰ) ਦੋ ਮੁਲਾਜ਼ਮ ਸੱਦ ਕੇ ਲਿਟਾਓ ਘੁੱਗ ਨੂੰ ਭੁੰਜੇ, ਪਟੇ ਮਾਰ ਮਾਰ ਇਹਦੀ ਸਾਰੀ ਬਦਮਾਸ਼ੀ ਬਾਹਰ ਕੱਢ ਦਿਓ। (ਘੁੱਗ ਨੂੰ) ਓਏ, ਬਹਿਜਾ ਥੱਲੇ।

(ਘੁੱਗ ਜ਼ਮੀਨ 'ਤੇ ਬੈਠ ਜਾਂਦਾ ਹੈ)

ਹਿੰਮਤ ਸਿੰਘ : ਥਾਣੇਦਾਰ ਸਾਹਿਬ, ਅਸੀਂ ਨਹੀਂ ਚਾਹੁੰਦੇ ਕਿ ਇਹ ਨੌਜਵਾਨ ਇਥੇ ਪੁਲਿਸ ਦੀ ਕੁੱਟ ਖਾਵੇ।

ਥਾਣੇਦਾਰ : (ਹੈਰਾਨੀ ਵਿੱਚ) ਆਖਰਕਾਰ ਤੁਸੀਂ ਚਾਹੁੰਦੇ ਕੀ ਹੋ ?

ਕਾਮਰੇਡ : ਸਾਡੀ ਦੁਸ਼ਮਣੀ ਕਿਸੇ ਬਦਮਾਸ਼ ਨਾਲ ਨਹੀਂ, ਸਗੋਂ ਬਦਮਾਸ਼ੀ ਨਾਲ ਹੈ, ਜੋ ਇਨਸਾਨ ਨੂੰ ਹੈਵਾਨ ਬਣਾ ਦਿੰਦੀ ਏ। ਅਸੀਂ ਚਾਹੁੰਦੇ ਹਾਂ ਕਿ ਇਹ ਨੌਜਵਾਨ ਆਪਣੇ ਆਪ 'ਚ ਸੁਧਾਰ ਕਰੇ, ਇੱਕ ਜ਼ਿੰਮੇਵਾਰ ਬੰਦਾ ਬਣ ਕੇ ਸਮਾਜ 'ਚ ਵਿਚਰੇ।

ਹਿੰਮਤ ਸਿੰਘ : ਜੇ ਇਹ ਨੌਜਵਾਨ ਆਪਣੀ ਗਲਤੀ ਮਹਿਸੂਸ ਕਰੇ ਤੇ ਵਾਅਦਾ ਕਰੇ ਕਿ ਅਜਿਹੀ ਗਲਤੀ ਫਿਰ ਨਹੀਂ ਕਰੇਗਾ ਤਾਂ ਅਸੀਂ ਆਪਣੀ ਦਰਖਾਸਤ ਵਾਪਸ ਲੈਣ ਲਈ ਤਿਆਰ ਹਾਂ।

ਬਾਹਰੋਂ ਅਵਾਜ਼ਾਂ : ਘੁੱਗ ਦਾ ਘੁੱਗੂ ਬੋਲੇਗਾ, ਕਿਸੇ ਦੀ ਪੱਤ ਨੂੰ ਕਿਵੇਂ ਰੋਲੇਗਾ।

ਥਾਣੇਦਾਰ : ਘੁੱਗ ਟੱਕਰ ਲੈਣੀ ਏ ਕਿ ਮਾਫੀ ਮੰਗਣੀ ਏ ?

ਘੁੱਗ : ਮਾਫੀ ਨਾਲ ਜਾਨ ਛੁੱਟ ਜੂ ?

ਹਿੰਮਤ ਸਿੰਘ : ਹਾਂ, ਪਰ ਜੇ ਤੂੰ ਆਪਣੀ ਕੀਤੀ ਗਲਤੀ ਦਿਲੋਂ ਮਹਿਸੂਸ

ਕਰੇਂ ਤਾਂ....

ਘੁੱਗ : (ਕਾਮਰੇਡ ਦੇ ਗੋਡਿਆਂ ਨੂੰ ਹੱਥ ਲਾਉਂਦਾ ਹੋਇਆ) ਤੁਸੀਂ ਇੰਨੇ ਰਹਿਮ ਕਰਨ ਵਾਲੇ ਹੋ (ਰੋਂਦਾ ਹੋਇਆ) ਤੁਸੀਂ ਤਾਂ ਮੇਰੇ ਬਾਪੂ ਵਰਗੇ ਹੋ.... ਮੈਂ ਤੁਹਾਡੇ ਸਾਰਿਆਂ ਕੋਲੋਂ ਹੱਥ ਜੋੜ ਕੇ ਮਾਫੀ ਮੰਗਦਾਂ।

ਥਾਣੇਦਾਰ : (ਕਾਮਰੇਡ ਨੂੰ) ਇਹ ਲਓ ਆਪਣੀ ਦਰਖਾਸਤ। (ਸਿਪਾਹੀ ਨੂੰ) ਘੁੱਗ ਨੂੰ ਅੰਦਰ ਲੈ ਜਾ, ਇਹਨੂੰ ਘੰਟੇ ਬਾਅਦ ਛੱਡਾਂਗੇ, ਸਾਰੀ ਭੀੜ ਘਰਾਂ ਨੂੰ ਤਿਤਰ ਹੋ ਜਾਣ ਦੇ।

ਹਿੰਮਤ ਸਿੰਘ : ਘੁੱਗ ਨੂੰ ਸਾਡੇ ਨਾਲ ਜਾਣ ਦਿਓ। ਮੇਰੀ ਗਰੰਟੀ ਏ ਸਾਡਾ ਕੋਈ ਸਾਥੀ ਇਹਨੂੰ ਕੁੱਝ ਨਹੀਂ ਕਹੇਗਾ।

ਕਾਮਰੇਡ : (ਖੁਸ਼ ਹੁੰਦਾ ਹੋਇਆ) ਅੱਜ ਸੱਚ ਦੀ ਜਿੱਤ ਹੋਈ ਏ। (ਹਿੰਮਤ ਸਿੰਘ ਨੂੰ) ਭਾਵੇਂ ਕੋਈ ਸੀਨੀਅਰ ਲਿਖਾਰੀ ਏ ਜਾਂ ਫਿਰ ਨਵਾਂ ਲੇਖਕ ਏ, ਦੋਹਾਂ ਪਾਸ ਕਲਮ ਏ। ਸਭ ਦਾ ਇਕੋ ਮਕਸਦ ਏ ਹਨ੍ਹੇਰਾ ਦੂਰ ਕਰਕੇ ਚਾਨਣ ਦਾ ਛੱਟਾ ਦੇਣਾ। ਸਾਨੂੰ ਹਰ ਕਲਮ ਨੂੰ ਉਤਸ਼ਾਹਤ ਕਰਨਾ ਚਾਹੀਦੈ, ਇਹੋ ਸਾਡੀ ਜਾਇਦਾਦ ਏ, ਇਹੋ ਸਾਡਾ ਭਵਿੱਖ ਏ।

ਹਿੰਮਤ ਸਿੰਘ : ਦਰੁਸਤ ਫੁਰਮਾਇਆ ਕਾਮਰੇਡ ਜੀ, ਇਕੱਠ ਲੋਹੇ ਦੀ ਲੱਠ।

ਪਿੱਛੋਂ ਆਵਾਜ਼ : ਸਾਹਿਤ ਦੇ ਬੋਲ ਪਿਆਰੇ ਨੇ
ਇਹ ਜ਼ਿਮੀਂ ਤੇ ਸਿਤਾਰੇ ਨੇ।
ਇਹ ਰੂਪ ਵੱਲੋਂ ਫਕੀਰ ਵੀ
ਵਹਿੰਦੀ ਗੰਗਾ ਦਾ ਨੀਰ ਵੀ।
ਬਣ ਜਾਂਦੇ ਕਦੇ ਤਾਂ ਤੀਰ ਵੀ
ਇਹਦੇ ਅਜਬ ਹੀ ਵਰਤਾਰੇ ਨੇ।
ਸਾਹਿਤ ਦੇ ਬੋਲ....
(ਹਨ੍ਹੇਰਾ)

# ਨਿਬੰਧ

*ਆਪ ਬੀਤੀ*

## ਅਪਨੜੇ ਹਥਿ ਆਰਸੀ ਆਪੇ ਹੀ ਦੇਖੈ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਲਾਗੋਂ ਦੀ ਲੰਘਦਿਆਂ ਮੈਂ ਝੁੱਕ ਕੇ ਫੁੱਲ ਦਾ ਹਾਲ ਪੁੱਛਿਆ। ਫੁੱਲ ਨਹੀਂ ਬੋਲਿਆ। ਫੁੱਲ ਦੀਆਂ ਪੱਤੀਆਂ ਉਤੇ ਪਈ ਤ੍ਰੇਲ ਰੋ ਪਈ, ਹੰਝੂ ਬਣ ਕੇ ਕਿਰੀ ਤੇ ਧਰਤੀ ਵਿੱਚ ਸਮਾ ਗਈ। ਫੁੱਲ ਨੂੰ ਅਹਿਸਾਸ ਹੋ ਗਿਆ ਸੀ ਕਿ ਅੱਜ ਤੋਂ ਬਾਅਦ ਮੈਂ ਉਸ ਦੇ ਨੇੜਿਉਂ ਨਹੀਂ ਗੁਜ਼ਰਨਾ। ਉਸਦੀਆਂ ਪੱਤੀਆਂ ਨੂੰ ਪਿਆਰ ਛੋਹ ਕਿਸੇ ਨੇ ਨਹੀਂ ਸੀ ਦੇਣੀ।

ਹਮੇਸ਼ਾ ਵਾਂਗ ਮੈਂ ਪਹਿਲਾ ਪੀਰੀਅਡ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ, ਸਟਾਫ਼ ਰੂਮ ਵਿੱਚ ਪਹੁੰਚਿਆ। ਵੱਡੀ ਅਲਮਾਰੀ ਦਾ ਆਪਣਾ ਖਾਨਾ ਖੋਲਿਆ। ਹਾਜ਼ਰੀ ਰਜਿਸਟਰ ਕੱਢਿਆ। ਪਿਛਲੀ ਰਾਤ ਨੂੰ ਤਿਆਰ ਕੀਤੇ ਕਲਾਸ ਨੋਟਿਸ ਰਜਿਸਟਰ ਵਿੱਚ ਰੱਖੇ। ਸੇਵਾਦਾਰ ਪਾਣੀ ਦਾ ਗਲਾਸ ਟੇਬਲ ਉੱਤੇ ਰੱਖ ਗਿਆ। ਮੈਂ ਸੇਵਾਦਾਰ ਨੂੰ ਕਿਹਾ- ਵੈਸੇ ਤਾਂ ਮੈਂ ਕੈਨਟੀਨ ਦਾ ਬਿੱਲ ਕੱਲ ਦੇ ਦਿੱਤਾ ਸੀ। ਪਰ ਫੇਰ ਵੀ ਪੁੱਛ ਕੇ, ਮੇਰੇ ਅਗਲੇ ਖਾਲੀ ਪੀਰੀਅਡ ਵਿੱਚ ਮੈਨੂੰ ਦੱਸੀਂ ਕਿ ਕਿਤੇ ਪਿਛਲੇ ਏਨੇ ਸਾਲਾਂ ਵਿੱਚ ਕਿੱਧਰੇ ਕੋਈ ਪੁਰਾਣਾ ਬਕਾਇਆ ਮੇਰੇ ਵੱਲ ਹੋਵੇ ਤਾਂ ਲੈ ਲਵੇ।

ਵੈਸੇ ਤਾਂ ਮੈਂ ਅਲਮਾਰੀ ਵਾਲੇ ਖਾਨੇ ਵਿਚਲੇ ਕਾਗਜ਼ ਪੱਤਰ ਕੱਲ੍ਹ ਹੀ ਤਰਤੀਬ ਨਾਲ ਰੱਖ ਦਿੱਤੇ ਸਨ। ਅੱਜ ਫਾਈਲਾਂ ਸੰਬਧਿਤ ਪ੍ਰੋਫੈਸਰਾਂ ਨੂੰ ਦੇ ਦਿਆਂਗਾ। ਐਨ.ਐਸ.ਐਸ. ਫਾਈਲ ਹੈ। ਅੱਜ ਹੀ ਇਹ ਫਾਈਲ ਪ੍ਰੋਫੈਸਰ ਸੋਢੀ ਦੇ ਹਵਾਲੇ ਕਰ ਦਿਆਂਗਾ ਅਤੇ ਕਹਾਂਗਾ ਕਿ ਪਿੰਡ ਸ਼ਮਸ਼ਪੁਰ ਵਿਚ ਜਿਹੜੀ ਲਾਇਬ੍ਰੇਰੀ ਸਥਾਪਤ ਕੀਤੀ ਗਈ ਸੀ, ਨਿਗਹਾ ਰੱਖਣ। ਲਾਇਬ੍ਰੇਰੀ ਚੱਲਦੀ ਰਹੇ। ਵਿਦਿਆਰਥੀ ਸੱਭਿਆਚਾਰਕ ਫਾਈਲ ਪ੍ਰੋਫੈਸਰ ਪਰਮਿੰਦਰ ਸਿੰਘ ਨੂੰ ਦੇ ਦਵਾਂਗਾ ਅਤੇ ਕਹਾਂਗਾ ਕਿ ਨਵੇਂ-ਨਵੇਂ ਵਿਦਿਆਰਥੀਆਂ ਨੂੰ ਮੰਚ ਉਤੇ ਲਿਆਉਣਾ ਜਾਰੀ ਰੱਖਣ ਤਾਂ ਕਿ ਵਿਦਿਆਰਥੀਆਂ ਵਿੱਚ ਵਿਸ਼ਵਾਸ ਪੈਦਾ ਹੋਵੇ ਅਤੇ ਉਹ ਜ਼ਿੰਦਗੀ ਦੇ ਸੰਘਰਸ਼ ਵਿੱਚ ਪਿੱਛੇ ਨਾ ਰਹਿਣ। ਲਾਇਬ੍ਰੇਰੀ ਵਿੱਚੋਂ ਪੜ੍ਹਨ ਨੂੰ ਲਈਆਂ ਕਿਤਾਬਾਂ ਕੱਲ੍ਹ ਵਾਪਸ ਕਰ ਦਿੱਤੀਆਂ ਸਨ। ਅੱਜ ਜਾਂਦਾ ਹੋਇਆ, ਉਹਨਾਂ ਕਿਤਾਬਾਂ ਦੀ ਕੀਮਤ ਅਦਾ ਕਰ ਦਿਆਂਗਾ, ਲਾਇਬ੍ਰੇਰੀ ਦੀਆਂ ਜਿਹੜੀਆਂ ਕਿਤਾਬਾਂ ਵਿਦਿਆਰਥੀਆਂ ਨੇ ਮੇਰੇ ਨਾਮ ਉੱਤੇ ਲਈਆਂ ਸਨ, ਪਰ ਵਾਪਸ ਮੋੜਨਾ ਭੁੱਲ ਗਏ ਸਨ।

ਪੌੜੀਆਂ ਉਤਰ ਕੇ, ਮੈਂ ਸਟਾਫ਼ ਰੂਮ ਵਿਚੋਂ ਨਿਕਲ ਕੇ, ਹੇਠਾਂ ਆਇਆ। ਪੀਰੀਅਡ ਵੱਜਣ ਵਿੱਚ ਹਲੇ ਸੱਤ ਮਿੰਟ ਬਾਕੀ ਸਨ। ਮੈਂ ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਦੀ ਲਾਗੋਂ ਦੀ ਲੰਘ ਰਿਹਾ ਸਾਂ, ਸਟੂਲ ਉਤੇ ਬੈਠਾ ਸੇਵਾਦਾਰ ਰਾਮ ਸ਼ਰਨ ਉਠ ਕੇ ਖੜਾ ਹੋ ਗਿਆ। ਮੈਂ ਰਾਮ ਸ਼ਰਨ ਨੂੰ ਕਿਹਾ, ਅੱਜ ਤੋਂ ਬਾਅਦ ਇਸ ਉਡੀਕ ਵਿੱਚ ਨਾ ਰਹੀਂ ਕਿ ਮੈਂ ਕਲਾਸ ਰੂਮ ਵੱਲ ਜਾ ਰਿਹਾ ਹੋਵਾਂਗਾ। ਇਸ ਦਾ ਮਤਲਬ ਅਗਲੇ ਪੀਰੀਅਡ ਲਈ

ਘੰਟੀ ਮਾਰਨ ਦਾ ਸਮਾਂ ਹੋਣ ਵਾਲਾ ਹੈ। ਜੇ ਤੂੰ ਹੁਣ ਘੰਟੀ ਲੇਟ ਮਾਰੇਂਗਾ ਤਾਂ ਪ੍ਰੋਫੈਸਰ ਤੇਰੇ ਨਾਲ ਨਰਾਜ਼ ਹੋਣਗੇ ਕਿ ਉਨ੍ਹਾਂ ਨੂੰ ਕਲਾਸ ਵਿੱਚ ਪੰਜ ਮਿੰਟ ਹੋਰ ਰੁਕਣਾ ਪਿਆ। ਮੈਂ ਅਮਲਤਾਸ, ਕੇਸੂ ਤੇ ਗੁਲਮੋਹਰ ਦੇ ਫੁੱਲਾਂ ਵਾਲੇ ਬਿਰਖਾਂ ਹੇਠੋਂ ਦੀ ਲੰਘਦਿਆਂ-ਮੈਂ ਬਿਰਖਾਂ ਨੂੰ ਕਿਹਾ, ਹੁਣ ਜਦੋਂ ਤੁਹਾਡੇ ਉਤੇ ਫੁੱਲਾਂ ਦੀ ਜੋਬਨ-ਬਹਾਰ ਆਵੇਗੀ ਤਾਂ ਮੈਂ ਨਹੀਂ ਹੋਵਾਂਗਾ। ਦਸ ਦਸ ਮਿੰਟ ਤੁਹਾਡੇ ਨੇੜੇ ਖਲੋ ਕੇ ਤੁਹਾਡੇ ਖਿੜੇ ਫੁੱਲਾਂ ਨੂੰ ਅੱਖਾਂ ਵਿੱਚ ਹੁਣ ਨਹੀਂ ਬੈਠਾ ਸਕਾਂਗਾ। ਤੁਹਾਡੀ ਖੁਸ਼ਬੂ ਦਿਲ ਵਿੱਚ ਵਸਾ ਨਹੀਂ ਸਕਾਂਗਾ। ਤੁਸੀਂ ਹਸਣਾ ਤੇ ਖਿੜਨਾ ਬੰਦ ਨਹੀਂ ਕਰਨਾ. ਤੁਹਾਨੂੰ ਪਿਆਰ ਕਰਨ ਲਈ ਮੈਂ ਨਹੀਂ ਹੋਵਾਂਗਾ ਤਾਂ ਕੋਈ ਹੋਰ ਕੋਮਲ ਚਿੱਤ ਸ਼ਖਸ਼ ਹੋਵੇਗਾ। ਮਹਿਕਣਾ, ਖਿੜਨਾ ਤੇ ਹੱਸਣਾ ਬੰਦ ਥੋੜਾ ਕਰ ਦੇਈਦਾ।

ਬਿਰਖੇ ਹੇਠਿ ਸਭਿ ਜੰਤੁ ਇਕੱਠੇ, ਇਕਿ ਤਤੇ ਇਕਿ ਬੋਲਨਿ ਮਿਠੇ,
ਅਸਤੁ ਉਦੋਤੁ ਭਇਆ ਉਠਿ ਚਲੇ, ਜਿਉਂ ਜਿਉਂ ਅਉਧ ਵਿਹਾਣਿਆ।
ਸ੍ਰੀ ਗੁਰੂ ਅਰਜਨ ਦੇਵ ਜੀ

ਮੈਨੂੰ ਕੁਝ ਦੂਰੀ ਉਤੇ ਆਉਂਦਾ ਵੇਖ ਕੇ, ਜੇ ਕਮਰਾ ਖਾਲੀ ਹੋਵੇ ਤਾਂ, ਮੁੰਡੇ ਕਮਰੇ ਅੰਦਰ ਬੈਠ ਜਾਂਦੇ ਸਨ। ਮੇਰੀ ਹਦਾਇਤ ਅਨੁਸਾਰ ਕੁੜੀਆਂ ਉਸ ਕਲਾਸ ਰੂਮ ਵਿੱਚ ਮੇਰੇ ਪ੍ਰਵੇਸ਼ ਕਰਨ ਦੇ ਨਾਲ ਹੀ, ਪ੍ਰਵੇਸ਼ ਕਰਦੀਆਂ ਸਨ।

ਇਹ ਬੀ.ਏ. ਭਾਗ ਪਹਿਲਾ ਦੀ ਕਲਾਸ ਸੀ। ਮੈਂ ਰਜਿਸਟਰ ਉਤੇ ਹਾਜ਼ਰੀ ਲਗਾਈ। ਹਰ ਰੋਜ਼ ਦੀ ਤਰ੍ਹਾਂ ਹਾਜ਼ਰੀ ਦੌਰਾਨ ਹੀ ਮੈਂ ਕਿਸੇ ਵਿਦਿਆਰਥੀ ਨੂੰ, ਉਸ ਦਾ ਰੋਲ ਨੰਬਰ ਬੋਲ ਕੇ, ਉਸ ਪਾਸੋਂ ਕੋਈ ਸਵਾਲ ਨਹੀਂ ਪੁੱਛਿਆ।

ਤੁਸੀਂ ਮੇਰੇ ਪਾਸ ਇਸ ਕਲਾਸ ਵਿੱਚ ਸਿਰਫ਼ ਚਾਰ ਮਹੀਨੇ ਹੀ ਲਾਏ ਹਨ। ਇਹਨਾਂ ਚਾਰ ਮਹੀਨਿਆਂ ਵਿੱਚ ਜੋ ਕੁਝ ਤੁਸੀਂ ਮੇਰੇ ਪਾਸੋਂ ਸੁਣਿਆ, ਸਿੱਖਿਆ, ਲਿਖਿਆ, ਉਸ ਬਾਰੇ ਤੁਹਾਡੇ ਦਿਲ ਵਿੱਚ ਕਈ ਸ਼ੰਕੇ ਹਾਲੇ ਵੀ ਹੋਣਗੇ। ਤੁਸੀਂ ਪੁੱਛੋਗੇ ਤਾਂ ਅੱਜ ਮੈਂ ਤੁਹਾਡੇ ਪੁਰਾਣੇ ਸ਼ੰਕੇ, ਆਪਣੀ ਵਿੱਤ ਅਨੁਸਾਰ, ਦੂਰ ਕਰਨ ਦਾ ਯਤਨ ਕਰਾਂਗਾ। ਪਰ ਸ਼ੰਕੇ ਤਾਂ ਫੇਰ ਵੀ ਬਣੇ ਰਹਿਣਗੇ। ਮੈਂ ਇਸ ਕਾਲਜ ਵਿੱਚ ਤੀਹ ਸਾਲ ਤੋਂ ਵੱਧ ਪੜ੍ਹਾਇਆ ਹੈ। ਜਿਸ ਕਮਰੇ ਵਿੱਚ ਤੁਸੀਂ ਬੈਠੇ ਹੋ, ਇਸ ਕਮਰੇ ਦੀਆਂ ਉਦੋਂ ਨੀਂਹਾਂ ਪੁੱਟੀਆਂ ਜਾ ਰਹੀਆਂ ਸਨ। ਮੈਂ ਪੜਾਉਂਦਾ ਰਿਹਾ। ਕਾਲਜ ਹੌਲੀ ਹੌਲੀ ਉਸਰਦਾ ਗਿਆ। ਤੁਸੀਂ ਦੋ ਸਾਲ ਹੋਰ ਇਕ ਸਾਲਜ ਵਿੱਚ ਪੜਨਾ ਹੈ ਮੇਰੀ ਇੱਛਾ ਹੈ ਕਿ ਤੁਸੀਂ ਇਸ ਕਾਲਜ ਦੀ ਉਡਾਨ ਵਿੱਚ ਆਪਣੀ ਪਰਵਾਜ਼ ਸਾਮਲ ਕਰੋ। ਜਦੋਂ ਤੁਸੀਂ ਇਹ ਕਾਲਜ ਛੱਡੋ-ਬੜੇ ਮਾਣ ਨਾਲ ਬਾਹਰ ਜਾਵੋ। ਛੱਡ ਗਏ ਬੈਂਚਾਂ ਨੂੰ ਅਤੇ ਬੈਂਚਾਂ ਉਤੇ ਬੈਠਣ ਵਾਲੇ ਆਪਣੇ ਜਮਾਤੀਆਂ ਨੂੰ ਯਾਦ ਰੱਖੋ। ਮੈਨੂੰ ਅਫ਼ਸੋਸ ਹੈ ਕਿ ਮੈਂ ਬਹੁਤਾ ਸਮਾਂ ਤੁਹਾਡੇ ਨਾਲ ਨਹੀਂ ਨਿੱਭ ਸਕਿਆ। ਬੱਸ ਮੇਰੇ ਪਾਸ ਇੰਨਾ ਹੀ ਸਮਾਂ ਸੀ। ਖਿਮਾ ਕਰਨਾ।

ਘੰਟੀ ਵੱਜੀ ਮੈਂ ਆਪਣੀ ਅਗਲੀ ਜਮਾਤ ਲੈਣ ਲਈ, ਉਸੇ ਕਮਰੇ ਵਿੱਚ ਲੈਕਚਰ ਸਟੈਂਡ ਦੇ ਸਾਹਮਣੇ ਖੜਾ ਰਿਹਾ। ਮੇਰੀ ਅਗਲੀ ਕਲਾਸ ਬੀ.ਏ. ਭਾਗ ਤੀਜਾ ਦੀ ਸੀ। ਜੋ ਇਸੇ ਕਮਰੇ ਵਿਚ ਲਗਣੀ ਸੀ। ਵਿਦਿਆਰਥੀ ਆਪਣੀਆਂ ਸੀਟਾਂ ਉਤੇ ਆ ਕੇ



ਬੈਠਦੇ ਗਏ। ਕੁੜੀਆਂ ਮੂਹਰਲੇ ਬੈਂਚਾਂ ਉਤੇ ਤੇ ਮੁੰਡੇ ਪਿਛਲੇ ਬੈਂਚਾਂ ਉਤੇ। ਬੋਰਡ ਉਤੇ ਪਹਿਲਾਂ ਹੀ ਲਿਖਿਆ ਸੀ- ਮੇਰਾ ਅੰਤਿਮ ਲੈਕਚਰ। ਰਜਿਸਟਰ ਤੇ ਹਾਜ਼ਰੀ ਮਾਰਕ ਕਰਕੇ, ਮੈਂ ਲੈਕਚਰ ਸ਼ੁਰੂ ਕੀਤਾ। ਬਲੈਕ ਬੋਰਡ ਵੱਲ ਇਸ਼ਾਰਾ ਕਰਕੇ ਕਿਹਾ-ਇਹ ਮੇਰਾ ਅੰਤਿਮ ਲੈਕਚਰ ਨਹੀਂ ਹੈ। ਮੈਂ ਹਾਂ ਹਾਲੀ ਬਹੁਤ ਕੁਝ ਲਿਖਣਾ ਹੈ। ਬਹੁਤ ਕੁਝ ਬੋਲਣਾ ਹੈ। ਪਰ ਮੰਚ ਵੱਖਰੇ ਹੋਣਗੇ। ਸਰੋਤੇ ਵੱਖਰੇ ਹੋਣਗੇ। ਮੈਂ ਤੁਹਾਨੂੰ ਤਿੰਨ ਸਾਲ ਪੜ੍ਹਾਇਆ। ਤੁਹਾਡੇ ਤੋਂ ਪਹਿਲਾਂ ਵੀ ਇਨ੍ਹਾਂ ਬੈਂਚਾਂ ਉਤੇ ਸੈਂਕੜੇ ਵਿਦਿਆਰਥੀ ਬੈਠਦੇ ਰਹੇ। ਇਮਤਿਹਾਨ ਪਾਸ ਕਰਕੇ ਜਾਂਦੇ ਰਹੇ। ਜ਼ਿੰਦਗੀ ਵਿੱਚ ਪ੍ਰਵੇਸ਼ ਕਰਦੇ ਰਹੇ। ਮੈਂ ਪੜ੍ਹਾਉਂਦਾ ਰਿਹਾ, ਨਾਲ ਨਾਲ ਤਲਖ ਹਕੀਕਤਾਂ ਬਾਰੇ ਸੁਚੇਤ ਕਰਦਾ ਰਿਹਾ। ਆਉਣ ਵਾਲੇ ਖ਼ਤਰਿਆਂ ਬਾਰੇ ਦੱਸਦਾ ਰਿਹਾ। ਰੋਜ਼ਗਾਰ ਦੀ ਤਿੱਖੀ ਸੂਈ ਦੇ ਬਹੁਤ ਛੋਟੇ ਜਿਹੇ ਨੱਕੇ ਵਿਚੋਂ ਦੀ ਨਿਕਲਣ ਲਈ, ਬਾਰੀਕ ਬੁੱਧੀ ਚਾਹੀਦੀ ਹੈ- ਗਿਆਨ ਚਾਹੀਦਾ ਹੈ, ਤਰਕ ਚਾਹੀਦਾ ਹੈ। ਮੈਂ ਇੱਥੋਂ ਕੁਝ ਲੈ ਕੇ ਨਹੀਂ ਜਾ ਰਿਹਾ, ਸਿਵਾਏ ਵਿਦਿਆਰਥੀਆਂ ਦੇ ਪਿਆਰ ਦੇ। ਮੇਰਾ ਇੱਕ ਇਕ ਹਾਸਲ ਹੈ ਆਪਣੇ ਬੱਚੇ ਬੱਚੀਆਂ ਨੂੰ ਆਪਣੇ ਸਮਝਿਆ। ਸਮਰਪਿੱਤ ਤੇ ਪਿਆਰ ਦੀ ਭਾਵਨਾ ਨਾਲ ਪੜ੍ਹਾਇਆ, ਸਮਝਾਇਆ। ਮੈਂ ਕਦੀ ਦਾਅਵਾ ਨਹੀਂ ਕੀਤਾ ਕਿ ਮੈਨੂੰ ਸਭ ਕੁਝ ਆਉਂਦਾ ਹੈ, ਸਰਵਪੱਖੀ ਗਿਆਨ ਹੈ. ਮੇਰੇ ਪਾਸੋਂ ਬਹੁਤ ਕੁਝ ਦੱਸਣਾ ਰਹਿ ਗਿਆ ਹੈ। ਬਹੁਤ ਸਾਰੀਆਂ ਖਾਲੀ ਥਾਵਾਂ ਰਹਿ ਗਈਆਂ ਹਨ। ਇਹ ਖਾਲੀ ਥਾਵਾਂ ਤੁਸੀਂ ਆਪ ਭਰਨੀਆਂ ਹਨ। ਮੇਰੇ ਪਾਸ ਜਦੋਂ ਵੀ ਤੁਸੀਂ ਆਵੋਗੇ, ਮੇਰੀਆਂ ਖੁੱਲ੍ਹੀਆਂ ਬਾਹਵਾਂ ਤੁਹਾਡੇ ਸਵਾਗਤ ਲਈ ਤੱਤਪਰ ਰਹਿਣਗੀਆਂ। ਇਸ ਕਮਰੇ ਨਾਲ ਮੇਰਾ ਖਾਸ ਪਿਆਰ ਹੈ। ਪਿਛਲੇ ਸਾਰੇ ਸਾਲਾਂ ਵਿੱਚ ਮੇਰੇ ਬਹੁਤੇ ਪੀਰੀਅਡ ਏਸੇ ਕਮਰੇ ਵਿੱਚ ਲਗਦੇ ਰਹੇ ਹਨ। ਪਰ ਅੱਜ ਤੋਂ ਬਾਅਦ ਮੈਂ ਇਸ ਕਮਰੇ ਵਿੱਚ ਫੇਰ ਨਹੀਂ ਆਉਣਾ। ਅਲਵਿਦਾ ਮੇਰੇ ਨਿੱਕੇ ਸਾਥੀਓ!

ਮੈਂ ਜਾਣ ਹੀ ਲੱਗਾ ਸਾਂ, ਇਕ ਨੌਜਵਾਨ ਨੇ ਅੰਦਰ ਆਉਣ ਦੀ ਆਗਿਆ ਮੰਗੀ- ਮੈਂ ਤੁਹਾਡਾ ਪੁਰਾਣਾ ਵਿਦਿਆਰਥੀ ਹਾਂ, ਇਹ ਮੇਰੇ ਪਿਤਾ ਜੀ ਹਨ। ਇਹ ਤੁਹਾਨੂੰ ਮਿਲਣਾ ਚਾਹੁੰਦੇ ਹਨ।

- ਚੰਗਾ, ਆਪਾਂ ਬਾਹਰ ਜਾ ਕੇ ਗੱਲ ਕਰਦੇ ਹਾਂ, ਮੈਂ ਕਿਹਾ।

- ਨਹੀਂ ਸਰ, ਏਸੇ ਕਮਰੇ ਵਿੱਚ ਹੀ ਮੈਂ ਤੁਹਾਨੂੰ ਆਪਣੀ ਪ੍ਰੇਮ ਸੌਗਾਤ ਅਰਪਿਤ ਕਰਨੀ ਹੈ।

ਅਗਲੀ ਘੰਟੀ ਵੱਜ ਗਈ ਸੀ। ਪਰ ਪਿਛਲੀ ਘੰਟੀ ਵਾਲੇ ਸਾਰੇ ਵਿਦਿਆਰਥੀ ਜਮਾਤ ਦੇ ਕਮਰੇ ਵਿੱਚ ਬੈਠੇ ਰਹੇ। ਮੇਰੀ ਅਗਲੀ ਜਮਾਤ ਬੀ.ਏ. ਭਾਗ ਦੂਜਾ ਆਨਰਜ਼ ਦੇ ਵਿਦਿਆਰਥੀ, ਪਿੱਛੇ ਆ ਕੇ ਬੈਠ ਗਏ ਸਨ।

- ਮੇਰਾ ਨਾਮ ਦਰਬਾਰ ਸਿੰਘ ਹੈ। ਪਪੜੌਦੀ ਮੇਰਾ ਪਿੰਡ ਹੈ। ਮੈਂ ਤੁਹਾਡੇ ਏਸੇ ਕਮਰੇ ਦੇ ਨਾਲ ਇਕ ਪਾਸੇ ਕਰਕੇ, ਕਰੀਬ ਦਸ ਸਾਲ ਲੱਕੜੀ ਦਾ ਕੰਮ ਕਰਦਾ ਰਿਹਾ ਹਾਂ। ਕਾਲਜ ਦੀ ਧਰਤੀ ਵਾਲੀ ਮੰਜ਼ਿਲ ਬਣ ਗਈ ਸੀ, ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣ ਰਹੇ ਸਨ। ਮੈਂ ਬਣਾ ਰਿਹਾ ਸਾਂ। ਫੇਰ ਕਾਲਜ ਦੀ ਪਹਿਲੀ ਮੰਜ਼ਿਲ ਬਣ ਕੇ ਤਿਆਰ ਹੋਈ। ਮੈਂ ਦਰਵਾਜ਼ੇ, ਖਿੜਕੀਆਂ ਰੌਸ਼ਨਦਾਨ ਬਣਾ ਰਿਹਾ ਸਾਂ। ਖਿੜਕੀਆਂ ਰਾਹੀਂ

ਤੁਹਾਡੀ ਆਵਾਜ਼ ਬਾਹਰ ਆਉਂਦੀ। ਕੰਮ ਕਰਦਾ ਹੋਇਆ, ਮੈ ਤੁਹਾਡੀ ਆਵਾਜ਼ ਨੂੰ ਬੋਚਦਾ ਰਹਿੰਦਾ। ਤੁਸੀਂ ਬੋਲਦੇ ਰਹੇ, ਮੋਟੀ ਮੋਟੀ ਗੱਲ ਮੇਰੀ ਸਮਝ ਵਿੱਚ ਪੈਂਦੀ ਰਹੀ। ਮੇਰਾ ਇਹ ਮੁੰਡਾ ਮੇਰੀ ਰੋਟੀ ਲੈ ਕੇ ਆਉਂਦਾ ਹੁੰਦਾ ਸੀ। ਜਦੋਂ ਵੱਡਾ ਹੋ ਗਿਆ, ਕਾਲਜ ਪੜਨ ਲੱਗਾ। ਮੈਂ ਅਨਪੜ੍ਹ ਹੁੰਦਾ ਹੋਇਆ ਵੀ ਕਿੰਨਾ ਕੁੱਝ ਇਸਨੂੰ ਸਮਝਾ ਦਿੰਦਾ ਸੀ। ਮੈਂ ਬੁੱਢਾ ਹੋ ਰਿਹਾ ਸਾਂ। ਮੇਰੇ ਮੁੰਡੇ ਨੇ ਸ਼ਹਿਰ ਵਿੱਚ ਆਰਾ ਮਸ਼ੀਨ ਲਗਾ ਲਈ ਹੈ। ਆਪਣਾ ਫਰਨੀਚਰ ਹਾਊਸ ਸਥਾਪਿਤ ਕਰ ਲਿਆ ਹੈ। ਤੁਸੀਂ ਦੱਸਿਆ ਸੀ, ਬੰਦਾ ਹਿੰਮਤ, ਇਮਾਨਦਾਰੀ ਨਾਲ ਚਲਦਾ ਰਿਹਾ ਤਾਂ ਕੀ ਨੀ ਕਰ ਸਕਦਾ। ਮੇਰੇ ਬੇਟੇ ਨੇ ਦੱਸਿਆ ਕਿ ਤੁਹਾਡਾ ਇਸ ਕਾਲਜ ਵਿੱਚ ਅੱਜ ਅੱਖਰੀ ਦਿਨ ਹੈ। ਕਈ ਸਾਲ ਪਹਿਲਾਂ ਮੈਂ ਤੁਹਾਡੇ ਲਈ ਇਹ ਨਿੱਕੀ ਜਿਹੀ ਪਿਆਰ ਨਿਸ਼ਾਨੀ ਤਿਆਰ ਕਰਕੇ ਰੱਖੀ ਹੋਈ ਸੀ। ਮੌਕੇ ਦੀ ਤਲਾਸ਼ ਵਿੱਚ ਸਾਂ।

ਵਧੀਆ ਲੱਕੜ ਦਾ ਬਣਿਆ ਪਤਲਾ ਜਿਹਾ, ਲੰਮਾ ਸਾਰਾ ਡੱਬਾ ਸੀ। ਉਪਰ ਝੁਕੇ ਰੁੱਖਾਂ ਹੇਠਾਂ ਇਕ ਕਮਰਾ ਚਿੱਤਰਿਆ ਹੋਇਆ ਸੀ। ਲਗਦਾ ਸੀ, ਕਮਰੇ ਅੰਦਰ ਬੱਚੇ ਬੈਠੇ ਹੋਏ ਸਨ। ਮੈਂ ਡੱਬਾ ਖੋਲ ਕੇ ਵਿੱਚੋਂ ਇਕ ਯੰਤਰ ਬਾਹਰ ਕੱਢਿਆ-ਇਹ ਲੱਕੜ ਦੀ ਖੂਬਸੂਰਤ ਕਲਮ ਸੀ, ਕਰੀਬ ਇਕ ਫੁੱਟ ਲੰਮੀ। ਲੱਕੜ ਦੀ ਕਲਮ ਮੈਂ ਆਪਣੇ ਸਿਰ ਉਤੇ ਰੱਖੀ। ਫੇਰ ਕਲਮ ਨੂੰ ਚੁੰਮਿਆ। ਬੜਾ ਢੁਕਵਾਂ ਤੋਹਫਾ ਹੈ। ਮੈਂ ਕਲਮ ਦਾ ਸਿਪਾਹੀ ਹਾਂ। ਕਲਮ ਮੇਰਾ ਹਥਿਆਰ ਹੈ, ਸੰਦ ਹੈ। ਮੈਂ ਹੁਣ ਕਲਮ ਦਾ ਕੁਲਵਕਤੀ ਕਾਰੀਗਰ ਹਾਂ।

ਮੈਂ ਦਰਬਾਰ ਸਿੰਘ ਦਾ ਹੱਥ ਫੜ ਕੇ ਕਲਾਸ ਵਿਚੋਂ ਬਾਹਰ ਆਇਆ। ਪਿੱਛੇ ਪਿੱਛੇ ਵਿਦਿਆਰਥੀ ਸਨ। ਵਿਦਿਆਰਥੀਆਂ ਦੀਆਂ ਅੱਖਾਂ ਵਿੱਚ ਅਣਵਗੇ ਹੰਝੂ ਸਨ।

ਮੇਰੇ ਨਾਮ ਉਤੇ ਜਾਰੀ ਹੋਈਆਂ, ਪਰ ਬਾਅਦ ਵਿੱਚ ਵਾਪਸ ਨਾ ਮੁੜੀਆਂ, ਕਿਤਾਬਾਂ ਦੇ ਪੈਸੇ ਮੈਂ ਭਰੇ, ਰਸੀਦ ਲਈ। ਨੁੱਕਰ ਵਾਲੀ ਕੁਰਸੀ ਉਤੇ ਪਲ ਬੈਠਾ। ਕੁਰਸੀ ਨੂੰ ਚੁੰਮਿਆ। ਇਸ ਕੁਰਸੀ ਉਤੇ ਮੈਂ ਆਪਣੇ ਖਾਲੀ ਪੀਰੀਅਡਾਂ ਵਿੱਚ, ਆ ਕੇ ਬੈਠਦਾ ਸਾਂ। ਅਖ਼ਬਾਰਾਂ ਰਸਾਲੇ ਪੜ੍ਹਦਾ ਸਾਂ।

ਪ੍ਰਿੰਸੀਪਲ ਦੇ ਦਫ਼ਤਰ ਸਾਹਮਣੇ ਦੀ ਲੰਘ ਕੇ ਸਟਾਫ਼ ਰੂਮ ਵੱਲ ਗਿਆ। ਪ੍ਰਿੰਸੀਪਲ ਨੇ ਬੁਲਾ ਕੇ ਚਾਹ ਦੇ ਕੱਪ ਦੀ ਸੁਲਾਹ ਤਾਂ ਕੀ ਮਾਰਨੀ ਸੀ, ਭੋਰਾ ਭਰ ਪਿਆਰ ਵੀ ਨਹੀਂ ਜਿਤਲਾਇਆ ਕਿ ਹੁਣ ਮੈਂ ਕੱਲ੍ਹ ਤੋਂ ਕਾਲਜ ਨਹੀਂ ਆਉਣਾ। ਮੇਰੇ ਚਲੇ ਜਾਣ ਨਾਲ ਕਾਲਜ ਦੀਆਂ ਕਈ ਸਰਗਰਮੀਆਂ ਅਧੂਰੀਆਂ ਤੇ ਊਣੀਆਂ ਰਹਿਣਗੀਆਂ।

ਵਿਦਾਇਗੀ ਪਾਰਟੀ ਦੀ ਕੋਈ ਸੂਚਨਾ ਹੀ ਨਹੀਂ ਸੀ। ਕਿਸੇ ਵੀ ਪ੍ਰੋਫ਼ੈਸਰ ਨੇ ਇਹ ਵੀ ਨਹੀਂ ਕਿਹਾ - ਤੁਸੀਂ ਹੁਣ ਜਾ ਰਹੇ ਹੋ ਫੇਰ ਵੀ ਕਦੀ ਕਦੀ ਆਇਆ ਕਰੋਗੇ ਨਾ। ਆਓ ਪਲ ਬੈਠੀਏ। ਮੈਡਮ ਪਰਮਜੀਤ ਕੌਰ ਸੋਬਤੀ ਕੁੱਝ ਨਹੀਂ ਬੋਲੀ-ਪਰ ਉਸ ਦੇ ਚਿਹਰੇ ਉਤੇ ਉਦਾਸੀ ਦੀਆਂ ਲਕੀਰਾਂ ਸਨ। ਮੈਂ ਸਟਾਫ਼ ਰੂਮ ਵਿੱਚ ਆਇਆ। ਅਲਮਾਰੀ ਦਾ ਆਪਣਾ ਖ਼ਾਨਾ ਸਾਫ਼ ਕੀਤਾ। ਵਾਧੂ ਕਾਗਜ਼ ਡਸਟਬਿਨ ਵਿੱਚ ਸੁੱਟੇ। ਜਿੰਦਾ ਕੁੰਜੀ ਖਾਨੇ ਦੇ ਵਿੱਚ ਰੱਖ ਦਿੱਤਾ ਤੇ ਕੁੰਡੀ ਲਗਾ ਦਿੱਤੀ। ਜਿੰਦਾ-ਕੁੰਜੀ ਭਾਵੇਂ ਮੇਰਾ ਆਪਣਾ ਖ਼ਰੀਦਿਆ ਹੋਇਆ ਸੀ,ਪਰ ਘਰ ਨੂੰ ਕਾਹਨੂੰ ਲੈ ਕੇ ਜਾਣਾ। ਜਿਹੜਾ ਕੋਈ ਨਵਾਂ ਪ੍ਰੋਫ਼ੈਸਰ ਇਹ ਖਾਨਾ ਲਵੇਗਾ, ਤਾਲਾ ਉਸ ਦੇ ਕੰਮ ਆਵੇਗਾ।



ਸਾਰੇ ਪ੍ਰੋਫ਼ੈਸਰ ਜਾ ਚੁੱਕੇ ਸਨ।

ਮੈਂ ਬਾਹਰ ਖੜੇ ਵਿਦਿਆਰਥੀਆਂ ਨੂੰ ਅੰਦਰ ਬੁਲਾਇਆ-ਸਾਨੂੰ ਤਾਂ ਅੱਜ ਹੀ ਪਤਾ ਲੱਗਾ ਹੈ ਕਿ ਤੁਸੀਂ ਕੱਲ੍ਹ ਤੋਂ ਕਾਲਜ ਨਹੀਂ ਆਉਣਾ। ਅਸੀਂ ਤਾਂ ਤੁਹਾਨੂੰ ਵਿਦਾਇਗੀ ਪਾਰਟੀ ਵੀ ਨਾ ਦੇ ਸਕੇ। ਛੇਤੀ ਹੀ ਜਦੋਂ ਅਸੀਂ ਕਾਲਜ ਵਿੱਚ ਤੁਹਾਡੇ ਮਾਣ ਵਿੱਚ ਪਾਰਟੀ ਰੱਖੀਏ। ਤੁਸੀਂ ਆਓਗੇ ਨਾ ?

- ਪਾਰਟੀ ਤੁਸੀਂ ਰਹਿਣ ਦਿਓ- ਤੁਹਾਡੇ ਦਿਲ ਵਿੱਚ ਮੇਰੇ ਪ੍ਰਤੀ ਜਿਹੜਾ ਪਿਆਰ ਹੈ ਮੇਰੇ ਲਈ ਉਹ ਕਾਫੀ ਹੈ।

ਕੈਨਟੀਨ ਪ੍ਰਬੰਧਕ ਟਰੇ ਲੈ ਕੇ ਆ ਗਿਆ- ਪੀਅਨ ਤੁਹਾਡੇ ਕੈਨਟੀਨ ਬਕਾਏ ਬਾਰੇ ਪੁੱਛਦਾ ਸੀ। ਤੁਹਾਡਾ ਬਕਾਇਦਾ ਕਾਹਦਾ। ਕਦੀ ਕਦੀ ਤੁਸੀਂ ਚਾਹ ਪੀਂਦੇ ਸੋ। ਉਹ ਵੀ ਜਦੋਂ ਤੁਹਾਨੂੰ ਕੋਈ ਮਿਲਣ ਆਇਆ ਹੋਵੇ। ਪੈਸੇ ਤੁਸੀਂ ਮੌਕੇ ਉੱਤੇ ਹੀ ਦੇ ਦਿੰਦੇ ਸੀ। ਆਹ ਲਵੋ ਅੱਜ ਦੀ ਚਾਹ ਮੇਰੇ ਵੱਲੋਂ। ਇਸ ਦਾ ਕੋਈ ਬਕਾਇਆ ਮੈਂ ਨਹੀਂ ਲੈਣਾ।

- ਨਹੀਂ, ਬਕਾਇਆ ਤਾਂ ਮੈਂ ਜ਼ਰੂਰ ਦੇਵਾਂਗਾ, ਜਦੋਂ ਤੂੰ ਮੇਰੇ ਘਰ ਆਇਆ। ਤੈਨੂੰ ਚਾਹ ਪਿਆਏ ਬਿਨਾਂ ਥੋੜਾ ਭੇਜਾਂਗਾ।

ਮੈਂ ਪ੍ਰੋਫ਼ੈਸਰਾਂ ਦੇ ਹਾਜ਼ਰੀ ਰਜਿਸਟਰ ਉਤੇ ਆਪਣੇ ਹਸਤਾਖ਼ਰ ਕੀਤੇ। ਮਿਤੀ ਪਾਈ 30 ਨਵੰਬਰ 1997, ਸ਼ਾਮ 3.15 ਮੈਂ ਅਗਲਾ ਸਫ਼ਾ ਪਰਤਿਆ। ਪਹਿਲੀ ਦਸੰਬਰ ਮੇਰੇ ਨਾਮ ਵਾਲਾ ਖਾਨਾ ਖਾਲੀ ਸੀ।

ਕਾਸ਼, ਜ਼ਿੰਦਗੀ ਕਾਲਜ ਹੁੰਦੀ!
ਜੇ ਫੁੱਲਾਂ ਦੀ ਰੁੱਤ ਹਮੇਸ਼ਾ ਰਹਿੰਦੀ!
ਜੱਦ ਪੈਣ ਕਪਾਹੀਂ ਫੁੱਲ ਵੇ, ਧਰਮੀ ਬਾਬਲਾ,
ਸਾਨੂੰ ਉਹ ਰੁੱਤ ਲੈ ਦੇਈਂ ਮੁੱਲ ਵੇ ਧਰਮੀ ਬਾਬਲਾ।

**ਕਵਿਤਾ ਭਵਨ,**
**ਮਾਛੀਵਾੜਾ ਰੋਡ ਸਮਰਾਲਾ -141114**
**94638-08697**

◆◆◆

# ਮਾਪੇ ਖੁਸ਼ ਤਾਂ ਰੱਬ ਖੁਸ਼

**ਦਲਜੀਤ ਸਿੰਘ ਰਤਨ**

ਸਿਆਣਿਆਂ ਦਾ ਕਥਨ ਹੈ ਕਿ 'ਜੇ ਮਾਪੇ ਖੁਸ਼ ਤਾਂ ਰੱਬ ਖੁਸ਼'। ਮਾਪਿਆਂ ਨੂੰ ਰੱਬ ਦਾ ਰੂਪ ਇਸ ਲਈ ਕਿਹਾ ਗਿਆ ਹੈ ਕਿਉਂਕਿ ਬੱਚੇ ਭਾਵੇਂ ਉਨ੍ਹਾਂ ਨਾਲ ਕਿਹੋ ਜਿਹਾ ਸਲੂਕ ਕਰਨ ਪਰ ਮਾਂ-ਪਿਓ ਦੇ ਮੂੰਹ 'ਚੋਂ ਸਦਾ ਉਨ੍ਹਾਂ ਲਈ ਅਸੀਸਾਂ ਹੀ ਨਿਕਲਦੀਆਂ ਹਨ। ਪੁੱਤ ਭਾਵੇਂ ਕਪੁੱਤ ਹੋ ਜਾਣ ਪਰ ਮਾਪੇ ਕਦੇ ਕੁਮਾਪੇ ਨਹੀਂ ਬਣਦੇ। ਆਪਣੇ ਬਚਪਨ 'ਤੇ ਜੇਕਰ ਝਾਤੀ ਮਾਰੀਏ ਕਿ ਛੋਟੇ ਹੁੰਦਿਆਂ ਸਾਨੂੰ ਸਾਡੇ ਮਾਪੇ ਕਿਸ ਤਰ੍ਹਾਂ ਪਾਲਦੇ ਹਨ। ਮਾਂ ਸਾਰੀ-ਸਾਰੀ ਰਾਤ ਜਾਗ ਕੇ, ਆਪ ਗਿੱਲੇ ਥਾਂ ਪੈ ਕੇ ਪੁੱਤ ਨੂੰ ਸੁੱਕੇ ਥਾਂ ਸਵਾਉਂਦੀ ਹੈ, ਪਿਤਾ ਸਾਰਾ ਸਾਰਾ ਦਿਨ ਥੱਕ ਹਾਰ ਕੇ, ਆਪ ਭੁੱਖਾ ਰਹਿ ਕੇ

ਸ਼ਾਮ ਨੂੰ ਘਰ ਆਉਣ ਲੱਗਾ ਆਪਣੇ ਬੱਚਿਆਂ ਲਈ ਕੁਝ ਨਾ ਕੁਝ ਲੈ ਕੇ ਆਉਂਦਾ ਹੈ। ਭਾਵੇਂ ਉਹ ਬੇਸ਼ੱਕ ਕਿੰਨਾ ਵੀ ਥੱਕਿਆ ਹੋਇਆ ਘਰ ਆਵੇ ਪਰ ਆਪਣੇ ਬੱਚਿਆਂ ਨੂੰ ਦੇਖ ਕੇ ਉਸ ਦੀ ਥਕਾਵਟ ਲੱਥ ਜਾਂਦੀ ਹੈ। ਬੱਚੇ ਨੂੰ ਮਾੜੀ ਜਿਹੀ ਤਕਲੀਫ ਹੋਵੇ ਤਾਂ ਮਾਂ-ਪਿਓ ਸਾਰੀ-ਸਾਰੀ ਰਾਤ ਜਾਗ ਕੇ ਲੰਘਾ ਦਿੰਦੇ ਹਨ। ਇਸ ਤਰ੍ਹਾਂ ਦੀਆਂ ਕਿੰਨੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਵਿਚ ਮਾਂ ਦੀ ਮਮਤਾ ਅਤੇ ਪਿਤਾ ਦਾ ਪਿਆਰ ਸਾਫ ਝਲਕਦਾ ਹੁੰਦਾ ਹੈ।

ਪਰ ਓਹੀ ਬੱਚੇ ਜੇਕਰ ਵੱਡੇ ਹੋ ਕੇ ਮਾਂ-ਬਾਪ ਦਾ ਸਤਿਕਾਰ ਨਾ ਕਰਨ ਜਾਂ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਨਾ ਉਤਰ ਕੇ ਬੁਰੀ ਸੰਗਤ ਵਿਚ ਪੈ ਜਾਣ ਤਾਂ ਉਨ੍ਹਾਂ ਮਾਪਿਆਂ 'ਤੇ ਕੀ ਬੀਤਦੀ ਹੈ, ਇਹ ਅੰਦਾਜ਼ਾ ਲਾਉਣਾ ਬਹੁਤਾ ਔਖਾ ਨਹੀਂ। ਇਹ ਠੀਕ ਹੈ ਕਿ ਕਈ ਬੱਚਿਆਂ ਦੀਆਂ ਮਜਬੂਰੀਆਂ ਬਣ ਜਾਂਦੀਆਂ ਹਨ, ਉਨ੍ਹਾਂ ਨੂੰ ਆਪਣੇ ਕੰਮਾਂਕਾਰਾਂ ਦੇ ਸਿਲਸਿਲੇ ਵਿਚ ਜਾਂ ਨੌਕਰੀ ਕਰਕੇ ਦੂਰ-ਦੁਰਾਡੇ ਰਹਿਣਾ ਪੈਂਦਾ ਹੈ। ਪਰ ਜੋ ਬੱਚੇ ਇਕੋ ਸ਼ਹਿਰ, ਇਕੋ ਮੁਹੱਲੇ ਅਤੇ ਇਕੋ ਘਰ ਵਿਚ ਹੁੰਦੇ ਹੋਏ ਵੀ ਆਪਣੇ ਮਾਤਾ-ਪਿਤਾ ਨੂੰ ਅਲੱਗ ਰਹਿਣ ਲਈ ਮਜਬੂਰ ਕਰਨ ਜਾਂ ਆਪ ਅਲੱਗ ਹੋ ਜਾਣ, ਉਨ੍ਹਾਂ ਨੂੰ ਬਚਪਨ ਯਾਦ ਕਰਨਾ ਚਾਹੀਦਾ ਹੈ, ਜਦੋਂ ਮਾਂ-ਬਾਪ ਕਿਤੇ ਪਲ ਭਰ ਲਈ ਵੀ ਅੱਖੋਂ ਓਹਲੇ ਹੋ ਜਾਂਦੇ ਸਨ ਤਾਂ ਸਾਰੀ ਦੁਨੀਆਂ ਹਨ੍ਹੇਰਾ ਜਾਪਣ ਲੱਗ ਪੈਂਦਾ ਸੀ। ਦਿਨ ਵੇਲੇ ਭਾਵੇਂ ਕਿਤੇ ਵੀ ਖੇਡ ਲੈਣਾ ਜਾਂ ਚਲੇ ਜਾਣਾ ਪਰ ਰਾਤ ਵੇਲੇ 'ਮਾਂ' ਚਾਹੀਦੀ ਹੁੰਦੀ ਸੀ। ਕੀ ਵੱਡੇ ਹੋ ਕੇ ਉਹ ਮਾਂ-ਬਾਪ ਨਹੀਂ ਚਾਹੀਦੇ ਹੁੰਦੇ ? ਕੀ ਵੱਡੇ ਹੋ ਕੇ ਸਾਨੂੰ ਉਨ੍ਹਾਂ ਦੀ ਲੋੜ ਘਟ ਜਾਂਦੀ ਹੈ ? ਕੀ ਅਸੀਂ ਇੰਨੇ ਸਿਆਣੇ ਹੋ ਜਾਂਦੇ ਹਾਂ ਕਿ ਸਾਰੇ ਫੈਸਲੇ ਆਪ ਕਰਨੇ ਹੀ ਠੀਕ ਸਮਝਦੇ ਹਾਂ। ਕੀ ਸਾਨੂੰ ਏਨੀ ਮੱਤ ਆ ਜਾਂਦੀ ਹੈ ਕਿ ਅਸੀਂ ਵੱਡਿਆਂ ਨੂੰ ਮੱਤਾਂ ਦੇਣ ਲੱਗਿਆਂ ਭੋਰਾ ਸੰਕੋਚ ਨਹੀਂ ਕਰਦੇ ?

ਸਮਾਂ ਬਦਲ ਗਿਆ ਹੈ, ਨਵਾਂ ਯੁੱਗ ਆ ਗਿਆ, ਨਵੀਂਆਂ-ਨਵੀਂਆਂ ਚੀਜ਼ਾਂ ਆ ਗਈਆਂ ਹਨ। ਬਜ਼ੁਰਗ ਇਸ ਆਧੁਨਿਕ ਜ਼ਮਾਨੇ ਨੂੰ ਭਾਵੇਂ ਅਪਨਾਉਣਾ ਨਹੀਂ ਚਾਹੁੰਦੇ ਪਰ ਇਨ੍ਹਾਂ ਚੀਜ਼ਾਂ ਦੇ ਫਾਇਦੇ ਦੱਸ ਕੇ ਬਜ਼ੁਰਗਾਂ ਨੂੰ ਸਮੇਂ ਦੇ ਨਾਲ ਢਾਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਨਾ ਕਿ ਉਨ੍ਹਾਂ ਨੂੰ ਖਿਝ-ਖਿਝ ਕੇ ਪੈਣਾ ਚਾਹੀਦਾ ਹੈ। ਹੁਣ ਸਾਨੂੰ ਜ਼ਿੰਦਗੀ ਜ਼ਿਆਦਾ ਜਿਊਣੀ ਨਹੀਂ ਆ ਗਈ। ਉਨ੍ਹਾਂ ਨੇ ਵੀ ਸਾਰੀ ਉਮਰ ਹੰਢਾਈ ਹੁੰਦੀ ਹੈ। ਉਨ੍ਹਾਂ ਦੇ ਵੀ ਆਪਣੇ ਤਜ਼ਰਬੇ ਹੁੰਦੇ ਹਨ। ਪਰ ਅੱਜਕਲ੍ਹ ਦੇਖਿਆ ਜਾਵੇ ਤਾਂ ਪੜ੍ਹੀਆਂ-ਲਿਖੀਆਂ ਨੂੰਹਾਂ ਆਪਣੇ ਸੱਸ-ਸਹੁਰੇ ਨੂੰ ਹਰ ਗੱਲ 'ਤੇ ਟੋਕਣ 'ਚ ਫਖਰ ਮਹਿਸੂਸ ਕਰਦੀਆਂ ਹਨ। 'ਤੁਸੀਂ ਕੱਪੜੇ ਨਹੀਂ ਚੰਗੇ ਪਾਉਂਦੇ, ਤੁਹਾਡੀ ਜੁੱਤੀ ਨਹੀਂ ਚੰਗੀ, ਤੁਹਾਨੂੰ ਖਾਣਾ ਨਹੀਂ ਆਉਂਦਾ, ਤੁਸੀਂ ਬੋਲਦੇ ਉੱਚੀ ਹੋ।' ਇਹ ਨਿੱਕੀਆਂ-ਨਿੱਕੀਆਂ ਗੱਲਾਂ ਸਾਨੂੰ ਆਪਣੇ ਆਲੇ-ਦੁਆਲੇ ਘਰਾਂ ਵਿਚ ਆਮ ਦੇਖਣ-ਸੁਣਨ ਨੂੰ ਮਿਲਦੀਆਂ ਹਨ। ਜਦੋਂ ਇਹ ਗੱਲਾਂ ਕਹੀਆਂ ਜਾਂਦੀਆਂ ਹਨ ਤਾਂ ਉਸ ਵੇਲੇ ਉਨ੍ਹਾਂ ਬਜ਼ੁਰਗਾਂ ਦੇ ਦਿਲ 'ਤੇ ਕੀ ਬੀਤਦੀ ਹੋਵੇਗੀ ਇਸ ਦਾ ਅੰਦਾਜ਼ਾ ਸਿਰਫ ਉਹ ਹੀ ਲਾ ਸਕਦਾ ਹੈ ਜਿਸ ਨਾਲ ਬੀਤਦੀ ਹੋਵੇ। ਆਪਣੇ ਮਾਂ-ਬਾਪ ਜਾਂ ਸੱਸ-ਸਹੁਰੇ ਨੂੰ ਇਹ ਗੱਲਾਂ ਪਿਆਰ ਨਾਲ ਵੀ ਕਹੀਆਂ ਜਾ ਸਕਦੀਆਂ ਹਨ। ਅਸੀਂ ਵੀ ਇਕ ਦਿਨ ਉਮਰ



ਦੇ ਉਸ ਪੜਾਅ ਵਿਚ ਜਾਣਾ ਹੈ। ਸਾਨੂੰ ਕੀ ਪਤਾ ਸਾਡੇ ਨੂੰਹਾਂ-ਪੁੱਤ ਕਿਹੋ ਜਿਹਾ ਵਿਵਹਾਰ ਕਰਨ ? ਫਿਰ ਅਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਵਾਂਗੇ ਕਿਉਂਕਿ ਸਾਡੇ ਬੱਚਿਆਂ 'ਤੇ ਵੀ ਓਹੋ ਜਿਹਾ ਹੀ ਅਸਰ ਹੋਵੇਗਾ ਜੋ ਉਹ ਅੱਜ ਘਰਾਂ ਵਿਚ ਦੇਖ ਰਹੇ ਹਨ।

ਅਸੀਂ ਆਪਣੇ ਬੱਚਿਆਂ ਦੇ ਵਿਆਹ-ਸ਼ਾਦੀਆਂ ਕਰਨ ਜਾਂ ਉਸ ਤੋਂ ਬਾਅਦ ਦੇ ਸੁਪਨੇ ਤਾਂ ਬਹੁਤ ਦੇਖਦੇ ਹਾਂ। ਨੂੰਹ-ਪੁੱਤ ਤੋਂ ਸੁਖ ਲੈਣ ਦੀਆਂ ਗੱਲਾਂ ਤਾਂ ਬਹੁਤ ਕਰਦੇ ਹਾਂ। ਸੁਪਨੇ ਲੈਣੇ ਵੀ ਚਾਹੀਦੇ ਹਨ, ਇਹ ਸਾਡਾ ਹੱਕ ਬਣਦਾ ਹੈ। ਆਪਣੇ ਬੱਚਿਆਂ ਤੋਂ ਉਮੀਦਾਂ ਨਹੀਂ ਕਰਨੀਆਂ ਤਾਂ ਕੀ ਕਿਸੇ ਬਾਹਰਲੇ ਨੇ ਉਨ੍ਹਾਂ ਦੇ ਚਾਅ ਪੂਰੇ ਕਰਨੇ ਹਨ ? ਪਰ ਜ਼ਰਾ ਸੋਚੋ, ਕੀ ਤੁਸੀਂ ਆਪਣੇ ਮਾਂ ਬਾਪ ਦੇ ਸੁਪਨੇ ਪੂਰੇ ਕੀਤੇ ਹਨ, ਕੀ ਤੁਸੀਂ ਉਨ੍ਹਾਂ ਨੂੰ ਸੁਖ ਦੇ ਰਹੇ ਹੋ ? ਆਪ ਤਾਂ ਅਸੀਂ ਉਨ੍ਹਾਂ ਨੂੰ ਘਰ ਦੀ ਕਿਸੇ ਚੀਜ਼ ਨੂੰ ਹੱਥ ਲਾਉਣ ਤੋਂ ਰੋਕਣ 'ਚ ਸੰਕੋਚ ਨਹੀਂ ਕਰਦੇ ਪਰ ਖੁਦ ਅਸੀਂ ਭਾਲਦੇ ਹਾਂ ਕਿ ਸਾਡੇ ਬੱਚੇ ਸਾਨੂੰ ਆਹ ਵੀ ਲੈ ਕੇ ਦੇਣਗੇ-ਓਹ ਵੀ ਲੈ ਕੇ ਦੇਣਗੇ।

ਬੇਸ਼ੱਕ ਸਾਰੇ ਘਰਾਂ ਵਿਚ ਅਜਿਹਾ ਨਹੀਂ ਹੁੰਦਾ। ਕਈ ਘਰਾਂ ਵਿਚ ਮਾਂ-ਬਾਪ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਹਰ ਕੰਮ ਉਨ੍ਹਾਂ ਦੇ ਅਸ਼ੀਰਵਾਦ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਦੀ ਹਰ ਕੰਮ ਵਿਚ ਸ਼ਮੂਲੀਅਤ ਨੂੰ ਆਪਣਾ ਵਡਭਾਗ ਸਮਝਿਆ ਜਾਂਦਾ ਹੈ। ਉਹ ਘਰ ਸਵਰਗ ਹੁੰਦੇ ਹਨ। ਉਨ੍ਹਾਂ ਘਰਾਂ ਵਿਚ ਖੁਸ਼ੀਆਂ ਆਪ ਚੱਲ ਕੇ ਆਉਂਦੀਆਂ ਹਨ। ਜਿਨ੍ਹਾਂ ਘਰਾਂ ਵਿਚ ਮਾਂ-ਬਾਪ ਦਾ ਅਸ਼ੀਰਵਾਦ ਨਾਲ ਹੋਵੇ ਉਨ੍ਹਾਂ ਘਰਾਂ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਆਉਂਦੀ। ਪਰ ਅਫਸੋਸ, ਕਈ ਘਰ ਅਜਿਹੇ ਹਨ ਜਿਥੇ ਬਜ਼ੁਰਗਾਂ ਨਾਲ ਗੱਲ ਕਰਕੇ ਦੇਖੋ ਤਾਂ ਉਹ ਫੋੜੇ ਵਾਂਗ ਫਿਸ ਪੈਂਦੇ ਹਨ। ਉਹ ਆਪਣੇ ਮਨ ਦੀ ਭੜ੍ਹਾਸ ਕੱਢਦੇ ਹੋਏ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕਰਦੇ ਕਿ ਉਹ ਨਰਕ ਵਰਗੀ ਜ਼ਿੰਦਗੀ ਬਤੀਤ ਕਰ ਰਹੇ ਹਨ। ਉਨ੍ਹਾਂ ਵੱਲ ਦੇਖ ਕੇ ਮਨ ਦੁਖੀ ਹੁੰਦਾ ਹੈ।

ਸਾਨੂੰ ਆਪਣਾ ਭਵਿੱਖ ਸੰਵਾਰਨ ਲਈ ਪਿੱਛੇ ਝਾਤੀ ਮਾਰਨ ਦੀ ਲੋੜ ਹੈ। ਜੇਕਰ ਖੁਦ ਸੁਖ ਲੈਣਾ ਲੋਚਦੇ ਹਾਂ ਤਾਂ ਮਾਪਿਆਂ ਨੂੰ ਖੁਸ਼ ਰੱਖਣਾ ਸਾਡਾ ਸਭ ਤੋਂ ਪਹਿਲਾ ਫਰਜ਼ ਹੈ। ਤੁਸੀਂ ਅਜ਼ਮਾ ਕੇ ਦੇਖੋ ਕਿ ਜਦੋਂ ਕੋਈ ਨਵੀਂ ਚੀਜ਼ ਘਰ ਲੈ ਕੇ ਆਓ ਜਾਂ ਕੋਈ ਖੁਸ਼ੀ ਦੀ ਖਬਰ ਮਾਪਿਆਂ ਨੂੰ ਸੁਣਾਓ ਤਾਂ ਉਨ੍ਹਾਂ ਦੇ ਚਿਹਰੇ 'ਤੇ ਕਿੰਨੀ ਚਮਕ ਹੁੰਦੀ ਹੈ ਤੇ ਉਹ ਦੋਵੇਂ ਹੱਥ ਉਲਾਰ ਕੇ ਤੁਹਾਨੂੰ ਅਸ਼ੀਰਵਾਦ ਦਿੰਦੇ ਹਨ ਤੇ ਪ੍ਰਮਾਤਮਾ ਅੱਗੇ ਤੁਹਾਨੂੰ ਹੋਰ ਖੁਸ਼ੀ ਦੇਣ ਦੀ ਅਰਦਾਸ ਕਰਨਗੇ। ਸੋ ਸਾਨੂੰ ਕਿਸੇ ਵੀ ਹਾਲਤ ਵਿਚ ਆਪਣੇ ਬਜ਼ੁਰਗਾਂ ਨੂੰ ਖੁਸ਼ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਹਰ ਗੱਲ ਨੂੰ ਬਿਨਾਂ ਮੱਥੇ ਤਿਊੜੀ ਪਾਏ, ਖਿੜੇ ਮੱਥੇ ਮੰਨਣਾ ਚਾਹੀਦਾ ਹੈ। ਇਸ ਤਰ੍ਹਾਂ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਮਾਂ-ਬਾਪ ਦਾ ਪੂਰਾ ਸਤਿਕਾਰ ਕਰਾਂਗੇ ਅਤੇ ਉਨ੍ਹਾਂ ਦੀ ਹਰ ਖੁਸ਼ੀ ਪੂਰੀ ਕਰਨਾ ਆਪਣਾ ਸੁਭਾਗ ਸਮਝਾਂਗੇ। ਫਿਰ ਦੇਖੋ ਤੁਹਾਡਾ ਘਰ ਵੀ ਸਵਰਗ ਬਣ ਜਾਵੇਗਾ।

**35, ਸੰਗਮ ਵਿਹਾਰ, ਯੂਨੀਵਰਸਿਟੀ ਰੋਡ, ਡਾਕਖਾਨਾ: ਚੁਗਿੱਟੀ, ਜਲੰਧਰ-144009, ਮੋਬਾਇਲ: 98149-44411**

# ਪੰਜਾਬੀ ਨਾਵਲ ਦਾ ਮੋਢੀ ਪਰਚਾਰਕ ਅਤੇ ਸਾਹਿਤਕਾਰ ਭਾਈ ਵੀਰ ਸਿੰਘ ਜੀ

**ਭੁਪਿੰਦਰ ਉਸਤਾਦ**

"ਭਾਈ ਸਾਹਿਬ ਭਾਈ ਵੀਰ ਸਿੰਘ ਜੀ। ਜਦੋਂ ਮੈਂ ਪੜ੍ਹਦਾ ਹੁੰਦਾ ਸੀ, ਉਦੋਂ ਵੀ ਤੇ ਅੱਜ ਵੀ ਇਹ ਨਾਮ ਪੰਜਾਬੀ ਬੋਲੀ ਦੇ ਕਦਰਦਾਨਾਂ ਵਿਚ ਹੀ ਨਹੀਂ, ਧਾਰਮਿਕ ਮਹਾਰਥੀਆਂ ਵਿਚ ਵੀ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ, ਕਿਉਂਕਿ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ ਦੀ ਵਿਆਖਿਆ ਲਿਖਣ ਲਈ ਜੋ ਘਾਲ ਘਾਲੀ ਹੈ, ਉਹ ਘਾਲ ਇਕ ਮਹਾਨ ਆਤਮਾ ਹੀ ਘਾਲ ਸਕਦੀ ਹੈ। ਉਹ ਸ਼ਾਹੀ ਖਾਨਦਾਨ ਦੇ ਚਿਰਾਗ ਸਨ। ਖਾਲਸਾ ਪੰਥ ਦੇ ਅਨਿਕ ਸੇਵਕ ਦੀਵਾਨ ਕੌੜਾ ਮਲ ਜੀ ਉਨ੍ਹਾਂ ਦੇ ਵਡੇਰਿਆਂ ਵਿਚੋਂ ਸਨ।

ਭਾਈ ਵੀਰ ਸਿੰਘ ਜੀ ਦੇ ਦਾਦਾ ਸਰਦਾਰ ਕਾਹਨ ਸਿੰਘ ਪੰਜਾਬ ਦੇ ਮੰਨੇ ਪਰਮੰਨੇ ਹਕੀਮ, ਮਹਾਰਾਜਾ ਕੌੜਾ ਮਲ ਦੀ ਪੰਜਵੀਂ ਪੀੜ੍ਹੀ ਵਿਚੋਂ ਸਨ। ਹਕੀਮ ਜੀ ਦੀ ਦੁਆਈ ਨਾਲ ਹੀ ਬਹਾਦਰ ਸਾਹ ਲੰਬੀ ਬਿਮਾਰੀ ਤੋਂ ਅਰੋਗ ਹੋਇਆ ਸੀ। ਭਾਈ ਕਾਹਨ ਸਿੰਘ ਅਤੇ ਬੀਬੀ ਰਾਮ ਕੌਰ ਦੇ ਤਿੰਨ ਪੁੱਤਰ ਹੋਏ। ਚੰਦਾ ਸਿੰਘ-ਭੀਮਾ ਸਿੰਘ ਅਤੇ ਚਰਨ ਸਿੰਘ। ਇਸ ਚਰਨ ਸਿੰਘ-ਭਗਵਾਨ ਕੌਰ (ਉਤਮ ਕੌਰ) ਦੇ ਘਰ ਵੀਰਵਾਰ ਪੰਜ ਦਸੰਬਰ 1872 ਨੂੰ ਅੰਮ੍ਰਿਤਸਰ ਵਿਚ ਜਿਸ ਬੱਚੇ ਦਾ ਜਨਮ ਹੋਇਆ ਉਸ ਦਾ ਨਾਮ ਵੀਰ ਸਿੰਘ ਰੱਖਿਆ ਗਿਆ। ਜਿੱਥੇ ਭਾਈ ਕਾਹਨ ਸਿੰਘ ਜੀ ਮਹਾਨ ਹਕੀਮ ਸਨ ਉੱਥੇ ਸ. ਚਰਨ ਸਿੰਘ ਜੀ ਬਹੁਤ ਹੀ ਕਾਬਲ ਡਾਕਟਰ ਸਨ੍ਹ ਗਰੀਬਾਂ ਦਾ ਮੁਫ਼ਤ ਇਲਾਜ਼ ਕਰਦੇ ਸਨ। ਭਾਈ ਵੀਰ ਸਿੰਘ ਦੇ ਨਾਨਾ ਜੀ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ।

ਭਾਈ ਸਾਹਿਬ ਦੀ ਪੜ੍ਹਾਈ ਦਾ ਸਿਲਸਿਲਾ ਘਰ ਵਿਚੋਂ ਹੀ ਸ਼ੁਰੂ ਹੋ ਗਿਆ। ਪੰਜਾਬੀ ਲੰਡੇ, ਉਰਦੂ ਆਪ ਨੂੰ ਘਰ ਵਿਚ ਸਿਖਾਈ ਜਾਣ ਲੱਗੀ। ਜਦੋਂ ਆਪ 8 ਕੁ ਸਾਲ ਦੇ ਹੋਏ ਤਾਂ ਆਪ ਜੀ ਨੇ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਕੇ ਭੋਗ ਪਾਇਆ। ਫਿਰ ਆਪ ਨੂੰ ਲਾਹੌਰ 'ਰੰਗ ਮਹਲ' ਸਕੂਲ ਵਿਚ ਦਾਖ਼ਲ ਕਰਾਇਆ ਗਿਆ।ਪਰ ਉੱਥੇ ਆਪ ਥੋੜ੍ਹਾ ਚਿਰ ਹੀ ਰਹਿ ਸਕੇ। ਫਿਰ ਅੰਮ੍ਰਿਤਸਰ ਆ ਕੇ ਮਿਸ਼ਨ ਹਾਈ ਸਕੂਲ ਵਿਚ ਦਾਖਲਾ ਲਿਆ। ਜਿੱਥੇ ਆਪਨੇ 1889 ਵਿਚ ਮਿਡਲ ਅਤੇ 1891 ਵਿਚ ਐਂਟਰੈਂਸ ਪਾਸ ਕੀਤਾ।ਐਂਟਰੈਂਸ ਆਪਨੇ ਜਿਲ੍ਹੇ ਵਿੱਚ ਅੱਵਲ ਰਹਿ ਕੇ ਪਾਸ ਕੀਤਾ ਸੀ।ਇਸ ਕਰਕੇ ਡਿਸਟਰਿਕਟ ਬੋਰਡ ਅੰਮ੍ਰਿਤਸਰ ਵੱਲੋਂ ਆਪ ਨੂੰ ਸ਼ੁੱਧ ਸੋਨੇ ਦਾ ਤਮਗਾ ਦੇ ਕੇ ਸਨਮਾਨਿਤ ਕੀਤਾ ਗਿਆ। ਆਪਦੀ ਖਿੱਚ ਹੁਣ ਤੋਂ ਹੀ ਪੜ੍ਹਾਈ ਨਾਲੋਂ ਪਰਮਾਰਥ ਵੱਲ ਬਹੁਤੀ ਹੋ ਗਈ ਸੀ। ਪਰ ਆਪ ਪੜ੍ਹਾਈ ਵਿਚ ਵੀ ਕਦੇ ਪਿੱਛੇ ਨਹੀਂ ਰਹੇ। ਹਮੇਸ਼ਾਂ ਪਹਿਲੀ ਦੂਸਰੀ ਪੁਜੀਸ਼ਨ ਆਉਂਦੀ ਰਹੀ। ਹਰ ਵਾਰ ਕੋਈ ਨਾ ਕੋਈ ਇਨਾਮ ਆਪਦੀ ਝੋਲੀ ਪੈਂਦਾ ਰਿਹਾ।

ਆਪ ਦੇ ਨਾਨਾ ਜੀ ਗਿਆਨੀ ਹਜ਼ਾਰਾ ਸਿੰਘ ਜੀ ਪੰਡਤ, ਆਪ ਜੀ ਦਾ ਬਹੁਤ



ਧਿਆਨ ਰੱਖਦੇ ਸਨ।ਨਾਨੀ ਗੁਜ਼ਰ ਚੁੱਕੀ ਸੀ। ਭਾਈ ਸਾਹਿਬ ਨਾਨਾ ਜੀ ਕੋਲ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੇ। ਇੱਥੇ ਤੱਕ ਕਿ ਆਪ ਸਕੂਲੋਂ ਆ ਕੇ ਨੌਕਰ ਨੂੰ ਪਾਸੇ ਬਿਠਾ ਦਿੰਦੇ ਤੇ ਆਪ ਰੋਟੀ ਪਕਾ ਕੇ ਨਾਨਾ ਜੀ ਨੂੰ ਛਕਾਉਂਦੇ।

ਸਕੂਲ ਇਸਾਈ ਚਰਚ ਨਾਲ ਸੰਬੰਧਤ ਹੋਣ ਕਰਕੇ, ਉਥੇ ਇਸਾਈ ਧਰਮ ਦਾ ਹੀ ਚਾਰ ਹੁੰਦਾ ਸੀ।ਸਿਲੇਬਸ ਦੀਆਂ ਕਿਤਾਬਾਂ ਵੀ ਇਸਾਈ ਧਰਮ ਨੂੰ ਮੁੱਖ ਰੱਖ ਕੇ ਲੱਗੀਆਂ ਹੋਈਆਂ ਸਨ।ਉਥੋਂ ਦੇ ਅਧਿਆਪਕ ਵੀ ਦਿਲੋਂ ਇਸਾਈ ਮਤ ਨਾਲ ਜੁੜੇ ਹੋਣ ਕਰਕੇ ਆਪਣੇ ਮੱਤ ਦੀਆਂ ਹੀ ਉਦਾਹਰਣਾਂ ਦਿੰਦੇ ਤੇ ਇਹੋ ਕੋਸ਼ਿਸ਼ ਕਰਦੇ ਕਿ ਜੋ ਦੂਸਰੇ ਧਰਮਾਂ ਦੇ ਵਿਦਿਆਰਥੀ ਪੜ੍ਹ ਰਹੇ ਹਨ ਉਨ੍ਹਾਂ ਉਤੇ ਇਸਾਈ ਮੌਤ ਦਾ ਚੰਗਾ ਪ੍ਰਭਾਵ ਪਏ ਤੇ ਉਹ ਇਸਾਈ ਹੋ ਜਾਣ। ਕਈ ਅਧਿਆਪਕ ਖ਼ਾਸ ਤੌਰ ਤੇ ਭਾਈ ਵੀਰ ਸਿੰਘ ਨੂੰ ਇਸਾਈ ਬਣਨ ਲਈ ਲਾਲਚ ਵੀ ਦਿੰਦੇ। ਕਿਉਂਕਿ ਆਪ ਤਾਂ ਦਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਹੋਏ ਸਨ ਇਸ ਲਈ ਉਨ੍ਹਾਂ ਦੀ ਗੱਲ ਹੱਸ ਕੇ ਟਾਲ ਦਿੰਦੇ। ਪਰ ਇਸਾਈ ਧਰਮ ਦੇ ਅਸੂਲਾਂ ਨੂੰ ਜਾਨਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਕਿ ਉਹ ਕਿੰਨੇ ਕੁ ਪੱਕੇ ਅਤੇ ਚੰਗੇ ਹਨ। ਉਸ ਸਮੇਂ ਸਕੂਲਾਂ ਵਿਚ ਹੀ ਨਹੀਂ ਆਮ ਜਨਤਾ ਵਿਚ ਵੀ ਉਹ ਲੋਕ ਇਸਾਈ ਮਤ ਦਾ ਪ੍ਰਚਾਰ ਢੋਲ ਢਮੱਕੇ ਨਾਲ ਕਰਦੇ ਸਨ। ਭਾਈ ਸਾਹਿਬ ਡੂੰਘੇ ਚਿੰਤਨ ਨਾਲ ਘੋਖ ਕਰਨ ਲੱਗੇ ਕਿ ਉਨ੍ਹਾਂ ਦਾ ਧਰਮ ਸਾਡੇ ਧਰਮ ਦੇ ਮੁਕਾਬਲੇ ਕਿੰਨਾ ਡੂੰਘਾ ਹੈ। ਕਈ ਵਾਰ ਤਾਂ ਅਜੇਹਾ ਸਮਾਂ ਵੀ ਆ ਜਾਂਦਾ ਕਿ ਭਾਈ ਸਾਹਿਬ ਸਿੱਖ ਧਰਮ ਨੂੰ ਇਸਾਈ ਧਰਮ ਦੇ ਮੁਕਾਬਲੇ ਉੱਚਾ ਅਤੇ ਸੁੱਚਾ ਸਾਬਤ ਕਰਕੇ ਸਾਰਿਆਂ ਨੂੰ ਹੈਰਾਨ ਕਰਕੇ ਸੋਚੀਂ ਪਾ ਦਿੰਦੇ।

ਇਕ ਵਾਰ ਭਾਈ ਸਾਹਿਬ ਕਿਤੇ ਜਾ ਰਹੇ ਸਨ।ਉਨ੍ਹਾਂ ਦਾ ਵਾਕਫ਼ ਪਾਦਰੀ ਮਿਲ ਪਿਆ।ਉਸ ਨੇ ਪੁੱਛਿਆ, " ਮੈਂ ਇਕ ਗਿਰਜਾ ਬਣਾਇਆ ਹੈ, ਤੁਸੀਂ ਦੇਖਿਆ ? " ਭਾਈ ਸਾਹਿਬ ਨੇ ਉੱਤਰ ਦਿੱਤਾ, " ਹਾਂ ! ਬਾਹਰੋਂ ਦੇਖਿਆ ਚੰਗਾ ਹੈ, ਪਰ ਛੋਟਾ ਹੈ। ਤਾਂ ਪਾਦਰੀ ਟਹਿਕਦਾ ਹੋਇਆ ਬੋਲਿਆ, ਹਾਂ ਇਹ ਛੋਟਾ ਹੀ ਬਣਾਇਆ, ਕਿਉਂਕਿ ਵੱਡਾ ਤਾਂ (ਉਸ ਨੇ ਹਰਿਮੰਦਰ ਸਾਹਿਬ ਵੱਲ ਇਸ਼ਾਰਾ ਕਰਕੇ) ਬਣਿਆ ਪਿਆ ਹੈ। ਇਹ ਸੁਣਕੇ ਭਾਈ ਸਾਹਿਬ ਨੂੰ ਬਹੁਤ ਦੁੱਖ ਹੋਇਆ ਕਿ ਇਹ ਲੋਕ ਸਾਡੇ ਹਰਿਮੰਦਰ ਨੂੰ ਗਿਰਜਾ ਬਣਾਉਣ ਦੀ ਸੋਚ ਪਾਲਕੇ ਬੈਠੇ ਹਨ।ਉਨ੍ਹਾਂ ਨੇ ਉਸੇ ਵੇਲੇ ਇਹ ਪ੍ਰਣ ਕੀਤਾ ਕਿ ਸਿੱਖ ਧਰਮ ਬਾਰੇ ਪ੍ਰਚਾਰ ਜ਼ੋਰ ਸ਼ੋਰ ਨਾਲ ਸ਼ੁਰੂ ਕਰਨਾ ਪਏਗਾ।ਏਸੇ ਸੋਚ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਨੇ ਨਾਇਬ ਤਹਿਸੀਲਦਾਰੀ ਨੂੰ ਠੋਕਰ ਮਾਰ ਦਿੱਤੀ ਤੇ ਕੌਮੀ ਸਾਹਿਤ ਪੈਦਾ ਕਰਨ ਵੱਲ ਕਦਮ ਵਧਾ ਦਿੱਤੇ 1884 ਵਿੱਚ ਆਪ ਨੇ ਖਾਲਸਾ ਟਰੈਕਟ ਸੁਸਾਇਟੀ' ਦੀ ਨੀਂਵ ਰੱਖ ਕੇ ਧਰਮ ਪ੍ਰਚਾਰ ਲਈ ਛੋਟੇ ਛੋਟੇ ਟ ?ਰੈਕਟ ਲਿਖ ਕੇ ਕੌਮ ਨੂੰ ਜਗਾਉਣ ਦਾ ਯਤਨ ਆਰੰਭ ਕਰ ਦਿੱਤਾ। ਫਿਰ ਕੁਝ ਚਿਰ ਪਿੱਛੋਂ 1899 ਵਿੱਚ " ਖਾਲਸਾ ਸਮਾਚਾਰ ਸਪਤਾਹਿਕ ਪੱਤਰ ਦਾ ਸ਼ੁਭ ਆਰੰਭ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇੱਕ ਮਹੀਨੇਵਾਰ ਪਰਚਾ ਨਿਰਗੁਣੀਆਰਾ ਕੱਢਣਾ ਸ਼ੁਰੂ ਕੀਤਾ। ਜੋ ਅੱਜ ਤੱਕ ਨਿਰਵਿਘਨ ਪ੍ਰਕਾਸ਼ ਹੋ ਰਿਹਾ ਹੈ। ਏਸੇ ਦੌਰ ਵਿਚ ਹੀ ਆਪਨੇ 'ਸੁੰਦਰੀ' ਅਤੇ ਬਿਜੇ ਸਿੰਘ' ਨਾਵਲ ਲਿਖੇ। ਇਨ੍ਹਾਂ ਤੋਂ ਪਿੱਛੋਂ ਸਤਵੰਤ ਕੌਰ ਅਤੇ "ਬਾਬਾ ਨੌਧ ਸਿੰਘ' ਰਾਹੀਂ

ਅਦਰਸ਼ਕ ਸਿੱਖੀ ਨਮੂਨੇ ਪੇਸ਼ ਕੀਤੇ। ਇਨ੍ਹਾਂ ਕਿਤਾਬਾਂ ਨੇ ਪੰਜਾਬੀ ਸਮਾਜ ਵਿਚ ਜਾਗ੍ਰਿਤੀ ਪੈਦਾ ਕਰ ਦਿੱਤੀ।

ਉਸ ਸਮੇਂ ਦੇ ਰਿਵਾਜ ਅਨੁਸਾਰ ਵੀਰ ਸਿੰਘ ਹੁਰਾਂ ਦੀ ਸ਼ਾਦੀ ਵੀ ਛੋਟੀ ਉਮਰ ਵਿਚ ਹੀ ਸਰਦਾਰ ਨਰਾਇਣ ਸਿੰਘ ਅਤੇ ਬੀਬੀ ਜੈਅ ਕੌਰ ਦੀ ਸਪੁੱਤਰੀ ਬੀਬੀ ਚਤੁਰ ਕੌਰ ਜੀ ਨਾਲ ਅੰਮ੍ਰਿਤਸਰ ਵਿਚ ਹੋ ਗਈ।ਉਦੋਂ ਉਹ ਸਕੂਲ ਵਿਚ ਪੜ੍ਹ ਹੀ ਰਹੇ ਸਨ।ਆਪ ਜੀ ਦੇ ਘਰ ਦੋ ਬੱਚੀਆਂ ਨੇ ਜਨਮ ਲਿਆ। ਵੱਡੀ ਬੇਟੀ ਦਾ ਨਾਮ ਕਰਤਾਰ ਕੌਰ ਸੀ ਅਤੇ ਛੋਟੀ ਬੇਟੀ ਦਾ ਨਾਮ ਸੁਸ਼ੀਲ ਕੌਰ ਸੀ।

ਸ਼ੁਰੂ ਗੁਰਮੁਖ ਜੀਵਨ ਦੇ ਕਰਤਾ ਗਿਆਨੀ ਮਹਾਂ ਸਿੰਘ ਨੇ ਲਿਖਿਆ ਹੈ ਕਿ ਵੱਡੀ ਬੇਟੀ ਅਜੇ ਸਾਲ ਕੁ ਦੀ ਸੀ ਜਦੋਂ ਬੀਬੀ ਚਤੁਰ ਕੌਰ ਬਹੁਤ ਬਿਮਾਰ ਹੋ ਗਈ। ਉਸ ਦੇ ਬਚਣ ਦੀ ਉਮੀਦ ਡਾਵਾਂਡੋਲ ਸੀ। ਵੀਰ ਸਿੰਘ ਜੀ ਦੇ ਪਿਤਾ ਡਾਕਟਰ ਚਰਨ ਸਿੰਘ ਬਹੁਤ ਵਿਆਕੁਲ ਹੋ ਗਏ।ਉਹ ਆਪ ਬੜੇ ਕਾਬਿਲ ਡਾਕਟਰ ਸਨ। ਉਨ੍ਹਾਂ ਦੀ ਕੋਈ ਦਵਾਈ ਰੋਗ ਨੂੰ ਕਾਟ ਨਹੀਂ ਸੀ ਕਰਦੀ। ਉਨ੍ਹਾਂ ਨੇ ਹੋਰ ਸਪੈਸ਼ਲਿਟ ਡਾਕਟਰਾਂ ਕੋਲੋਂ ਵੀ ਇਲਾਜ਼ ਕੀਤਾ। ਕਈ ਸਿਆਣੇ ਲੋਕ ਡਾ . ਚਰਨ ਸਿੰਘ ਨੂੰ ਇਹ ਸਲਾਹ ਦੇਣ ਲੱਗੇ ਕਿ " ਕਿਉਂ ਏਨਾ ਖ਼ਰਚ ਅਤੇ ਫਿਕਰ ਕਰਦੇ ਹੋ। ਜੇ ਮਰ ਵੀ ਗਈ ਤਾਂ ਕਾਕੇ ਦਾ ਹੋਰ ਵਿਆਹ ਕਰ ਦਿਆਂਗੇ ਤੂੰ ਚਿੰਤਾ ਨਾ ਕਰ ਤਾਂ ਡਾਕਟਰ ਸਾਹਿਬ ਨੇ ਕਿਹਾ, ਇਕ ਖ਼ਾਸ ਗੱਲ ਹੈ ਜਿਸ ਕਰਕੇ ਮੈਂ ਫਿਕਰਮੰਦ ਹਾਂ। ਇਹ ਬੱਚੀ ਕਿਸੇ ਤਰ੍ਹਾਂ ਬਚ ਜਾਏ। ਜੇ ਇਹ ਚੜ੍ਹਾਈ ਕਰ ਗਈ ਤਾਂ ਕਾਕੇ ਨੇ ਉਕਾ ਹੀ ਦੂਜਾ ਵਿਆਹ ਨਹੀਂ ਕਰਾਉਣਾ। ਉਹ ਤਾਂ ਪਹਿਲਾਂ ਹੀ ਭੱਜਣ ਨੂੰ ਫਿਰਦਾ ਸੀ ਮੈਂ ਮਸੀਂ ਉਸ ਨੂੰ ਇਸ ਬੱਚੀ ਨਾਲ ਬੰਨਿਆ ਹੈ। ਇਸ ਲਈ ਮੈਨੂੰ ਇਸ ਦੇ ਜੀਵਨ ਦੀ ਸਖ਼ਤ ਲੋੜ ਹੈ। ਡਾਕਟਰ ਪਿਤਾ ਦੀ ਮਿਹਨਤ ਵਰ ਆਈ।ਚਤੁਰ ਕੌਰ ਜੀ ਸਿਹਤਯਾਬ ਹੋ ਗਏ।

1892 ਵਿਚ ਭਾਈ ਵੀਰ ਸਿੰਘ ਜੀ ਨੇ ਨਾਨਕਿਆਂ ਵਿਚੋਂ ਰਿਸ਼ਤੇਦਾਰ ਵਜ਼ੀਰ ਸਿੰਘ ਨਾਲ ਰਲ ਕੇ ਵਜ਼ੀਰ ਹਿੰਦ ਪ੍ਰੈਸ ਚਾਲੂ ਕੀਤਾ। ਆਪ ਨੇ ਪ੍ਰੈਸ ਲੈ ਕੇ ਕਿਰਾਏ ਦੀ ਦੁਕਾਨ ਵਿਚ ਫਿਟ ਕਰਕੇ ਕੰਮ ਦੀ ਸ਼ੁਰੂਆਤ ਕੀਤੀ। ਪਰ ਉਹ ਪ੍ਰੈਸ ਆਪ ਨਹੀਂ ਚਲਾਈ। ਕਿਸੇ ਹੋਰ ਨੂੰ ਚਾਰ ਰੁਪਏ ਉੱਤੇ ਦੇ

ਫਿਰ ਉਨ੍ਹਾਂ ਨੇ ਸਾਰੇ ਪ੍ਰੈਸ ਇਕ ਥਾਂ ਉਤੇ ਲਾ ਕੇ ਆਪ ਕੰਮ ਚਾਲੂ ਕੀਤਾ। ਇਹ 6 ਪ੍ਰੈਸਾਂ ਵਾਲਾ ਵੱਡਾ ਛਾਪਾਖਾਨਾ ਉਸ ਵੇਲੇ ਅੰਮ੍ਰਿਤਸਰ ਵਿਚ ਇਕ ਇਕ ਸੀ। ਇਸ ਦੇ ਨਾਲ ਹੀ ਸੋਡਾ ਭਰਨ ਦੀ ਮਸ਼ੀਨ ਵੀ ਲਾ ਲਈ। ਪਰ ਉਹ ਬਹੁਤਾ ਖ਼ਰਾਬ ਹੀ ਰਹਿੰਦੀ। ਇਸ ਲਈ ਉਸ ਨੂੰ ਵੇਚ ਦਿੱਤਾ ਗਿਆ। ਇਹ ਸਾਰਾ ਕੰਮ ਉਨ੍ਹਾਂ ਘਰੋਂ ਕੋਈ ਪੈਸਾ ਖ਼ਰਚ ਕਰਨ ਤੋਂ ਬਿਨ੍ਹਾਂ ਹੀ ਕੀਤਾ। ਭਾਈ ਵਜ਼ੀਰ ਸਿੰਘ ਹੁਰਾਂ ਨੂੰ ਛਾਪੇਖਾਨੇ ਦਾ ਇੰਚਾਰਜ ਬਣਾਇਆ ਤੇ ਆਪ ਛਪਾਈ ਦਾ ਪ੍ਰਬੰਧ ਦੇਖਣ ਲੱਗੇ। ਬਾਹਰੋਂ ਛਪਾਈ ਲਈ ਮੈਟਰ ਇਕੱਠਾ ਕਰਨਾ ਤੇ ਛਾਪ ਕੇ ਉਸ ਦੇ ਪਰੂਫ ਪੜ੍ਹਨੇ ਆਪ ਦਾ ਹੀ ਕੰਮ ਸੀ।ਇਹ ਸਾਰਾ ਕੰਮ ਉਰਦੂ ਅੱਖਰਾਂ ਵਿਚ ਹੀ ਹੁੰਦਾ ਸੀ। ਜਦੋਂ ਕੰਮ ਥੋੜਾ ਚੱਲ ਪਿਆ ਤਾਂ ਵਜ਼ੀਰ ਸਿੰਘ ਨਾਲ ਸਲਾਹ ਕਰਕੇ ਗੁਰਮੁਖੀ ਅਤੇ ਅੰਗਰੇਜ਼ੀ ਅੱਖਰਾਂ ਵਾਲੀ ਮਸ਼ੀਨ ਲਾਉਣ ਦਾ ਮਨ ਬਣਾਇਆ। ਇਹ ਮਸ਼ੀਨਾਂ ਬੰਬਈ ਵਿਚ ਬਣਨ ਲੱਗ ਪਈਆਂ



ਸਨ।ਸਾਰੀ ਸਲਾਹ ਕਰਕੇ ਵਜ਼ੀਰ ਸਿੰਘ ਬੰਬਈ ਜਾਣ ਲਈ ਘਰੋਂ ਤੁਰ ਪਏ ਜਦੋਂ ਉਹ ਬਜ਼ਾਰ ਵਿਚ ਜਾ ਰਹੇ ਸਨ ਤਾਂ ਉਨ੍ਹਾਂ ਇਕ ਮਸ਼ੀਨ ਗੱਡੇ ਉੱਤੇ ਲੈਂਦੀ ਦੇਖੀ।ਉਹ ਮਾਲਕਾਂ ਕੋਲ ਜਾ ਕੇ ਮਸ਼ੀਨ ਬਾਰੇ ਗੱਲ ਕਰਨ ਲੱਗੇ ਤਾਂ ਉਨ੍ਹਾਂ ਕਿਹਾ ਮਸ਼ੀਨ ਤਾਂ ਅਸੀਂ ਲੈ ਆਏ ਹਾਂ ਪਰ ਸਾਡੇ ਕੋਲ ਮਸ਼ੀਨ ਫਿੱਟ ਕਰਨ ਲਈ ਅਜੇ ਥਾਂ ਨਹੀਂ ਹੈ। ਤੁਸੀਂ ਇਹੋ ਮਸ਼ੀਨ ਲੈ ਲਉ।ਉਹ ਮਸ਼ੀਨ ਅੱਧ ਦੇ ਹਿੱਸੇ ਨਾਲ ਵਜ਼ੀਰ ਸਿੰਘ ਹੁਰਾਂ ਆਪਣੇ ਟਿਕਾਣੇ ਲਾ ਲਈ, ਇਹ ਸੋਚ ਕੇ ਕਿ ਜੇ ਕੰਮ ਚੱ ਪਿਆ ਤਾਂ ਹੋਰ ਲੈ ਆਵਾਂਗੇ।

ਉਸ ਮਸ਼ੀਨ ਦੇ ਮਾਲਕਾਂ ਸ਼ਮਸਦੀਨ ਤੇ ਗੁਲਾਮ ਯਾਸੀਨ ਹੁਰਾਂ ਦਾ ਸਾਰਾ ਕੰਮ ਲਾਹੌਰ ਵਿਚ ਸੀ।ਇਸ ਕਰਕੇ ਕੁਝ ਚਿਰ ਪਿੱਛੋਂ ਉਨ੍ਹਾਂ ਆਪਣਾ ਹਿੱਸਾ ਲੈ ਕੇ ਮਸ਼ੀਨ ਵਜ਼ੀਰ ਸਿੰਘ ਹੁਰਾਂ ਕੋਲ ਵੇਚ ਦਿੱਤੀ। ਵਜ਼ੀਰ ਸਿੰਘ ਹੁਰਾਂ ਦਾ ਕੰਮ ਤੇਜ਼ੀ ਨਾਲ ਚੱਲਣ ਲੱਗ ਪਿਆ। ਇਸ ਪ੍ਰੈਸ ਵਿਚ ਹੀ ਲਾਲਾ ਧਨੀਰਾਮ ਚਾਤ੍ਰਿਕ ਨੇ ਬਹੁਤ ਚਿਰ 'ਕਾਤਿਬ' ਦਾ ਕੰਮ ਕੀਤਾ। ਫਿਰ ਉਹ ਬੰਬਈ ਚਲੇ ਗਏ ਜਿਥੇ ਉਨ੍ਹਾਂ ਪੰਜਾਬੀ ਟਾਈਪ ਰਾਇਟਰ ਬਣਾਉਣ ਦਾ ਉਪਰਾਲਾ ਕੀਤਾ।

1908 ਵਿਚ ਬਿਮਾਰੀ ਕਰਕੇ ਵਜ਼ੀਰ ਸਿੰਘ ਚਲਾਣਾ ਕਰ ਗਏ। ਉਨ੍ਹਾਂ ਦੇ ਮੁੰਡੇ ਇਸ ਕੰਮ ਵਿਚ ਨਾ ਪਏ। ਸਾਰੇ ਕੰਮ ਦਾ ਭਾਰ ਵੀਰ ਸਿੰਘ ਜੀ ਦੇ ਮੋਢਿਆਂ ਤੇ ਆ ਪਿਆ। ਵਜ਼ੀਰ ਸਿੰਘ ਦਾ ਹਿੱਸਾ ਬਰਕਰਾਰ ਰੱਖਿਆ ਗਿਆ।

ਕੰਮ ਬਹੁਤ ਹੋਣ ਕਰਕੇ 130 ਰੁਪਏ ਮਹੀਨਾ ਉੱਤੇ ਲਖਬੀਰ ਸਿੰਘ ਨੂੰ ਮੈਨੇਜਰ ਰੱਖਿਆ ਗਿਆ।ਉਸ ਨੇ ਗਹਿਰੀ ਚਾਲ ਨਾਲ ਹਰ ਸਾਲ ਪ੍ਰੈਸ ਘਾਟੇ ਵਿਚ ਦਿਖਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਬਹੁਤ ਦੁਖੀ ਹੋ ਗਏ ਕਿ ਕੰਮ ਤਾਂ ਓਨਾਂ ਹੀ ਹੈ, ਪ੍ਰੈਸ ਘਾਟੇ ਵਿਚ ਕਿਵੇਂ ਜਾ ਰਿਹਾ ਹੈ।ਆਖਰ ਆਪਣੇ ਹੱਥੀਂ ਲਾਇਆ ਪ੍ਰੈਸ ਦੁਖੀ ਹੋ ਕੇ ਲਖਵੀਰ ਸਿੰਘ ਕੋਲ ਹੀ ਵੇਚ ਦਿੱਤਾ। ਪਹਿਲਾਂ ਲਖਬੀਰ ਸਿੰਘ ਆਪ ਪ੍ਰੈਸ ਚਲਾਉਂਦਾ ਰਿਹਾ ਫਿਰ ਉਸ ਦੀ ਔਲਾਦ ਉਸ ਵਿਚੋਂ ਕਮਾਈ ਕਰਦੀ ਰਹੀ।

ਉਹ ਪੈਸੇ ਗਲੋਂ ਲਾਹ ਕੇ ਭਾਈ ਸਾਹਿਬ ਨੂੰ ਦੁਖ ਤਾਂ ਹੋਇਆ ਪਰ ਹੁਣ ਉਹ ਆਪਣੇ ਆਪ ਨੂੰ ਹੌਲਾ ਮਹਿਸੂਸ ਕਰਦੇ ਸਨ।ਉਨ੍ਹਾਂ ਇਕ ਕਵਿਤਾ ਲਿਖੀ। ਹੈ ਕਿੰਝ ਕਿਵੇਂ ਓ ਫਿਰ ਲਹਿਰਾਂ ? ਉਹ ਮਿੱਠੀਆਂ ਠੰਢੀਆਂ ਫਿਰ ਲਹਿਰਾਂ ਉਹ ਸ਼ਾਖ ਸੁਹਾਵੀ, ਫੁੱਲ ਟਹਿਣੀ, ਉਹ ਪੀਂਘ ਝਮੰਦੜੀ ਫਲ-ਟਹਿਣੀ। ਕੀ ਸੱਚ ਮੁੱਚ ਖੁੱਲ ਵਿਚ ਪਹੁੰਚ ਪਈ ? ਕੀ ਸੱਚ ਮੁੱਚ ਬੰਦੀ ਨਹੀਂ ਰਹੀ ? ਮੈਂ ਕਿੰਝ ਕਿਵੇਂ ਬਨ ਆਇ ਗਈ ? ਹਾਂ ਪੌਣ ਝਲੰਦੜੀ ਸਹੀ।

ਡਾਕਟਰ ਚਰਨ ਸਿੰਘ ਜੀ ਰਾਤੀ ਢਾਈ ਵਜੇ ਦਰਬਾਰ ਸਾਹਿਬ ਪਹੁੰਚ ਕੇ ਨੰਗੇ ਪੈਰੀ (ਚਾਹੇ ਗਰਮੀ ਹੋਵੇ ਚਾਹੇ ਸਰਦੀ) ਪਰਕਰਮਾਂ ਵਿਚ ਝਾੜੂ ਦੀ ਸੇਵਾ ਕਰਦੇ ਸਨ। ਭਾਈ ਵੀਰ ਸਿੰਘ ਪਿਤਾ ਦੇ ਨਕਸ਼ੇ ਕਦਮਾਂ ਤੇ ਚੱਲਦੇ ਹੋਏ 2-212 ਵਜੇ ਪਰਕਰਮਾਂ ਵਿਚ ਝਾੜੂ ਦੀ ਸੇਵਾ ਲਈ ਪਹੁੰਚ ਜਾਂਦੇ। ਸੇਵਾ ਕਰਦਿਆਂ ਉਹ ਆਪਣਾ ਚਿਹਰਾ ਲੁਕੋ ਲੈਂਦੇ ਕਿ ਕੋਈ ਉਨ੍ਹਾਂ ਨੂੰ ਪਛਾਣ ਨਾ ਸਕੇ।

ਭਾਈ ਸਾਹਿਬ ਉਦੋਂ ਦਸਵੀਂ ਵਿਚ ਪੜ੍ਹਦੇ ਸਨ। ਉਨ੍ਹਾਂ ਆਪਣੇ ਆਲੇ ਦੁਆਲੇ ਦੇ ਘਟਨਾ ਚੱਕਰ ਤੋਂ ਬਣੇ ਵਿਚਾਰ ਨੂੰ ਲਿਖਣ ਦਾ ਮਨ ਬਣਾਇਆ। ਜਦੋਂ ਉਹ

ਕਿਤਾਬ ਜਿੰਨਾ ਮੈਟਰ ਹੋ ਗਿਆ ਤਾਂ ਉਸ ਨੂੰ ਕਿਤਾਬੀ ਰੂਪ 'ਸੁੰਦਰੀ' ਦੇ ਨਾਮ ਹੇਠ ਦਿੱਤਾ ਗਿਆ।

ਭਾਈ ਵੀਰ ਸਿੰਘ ਜੀ ਦਾ ਪੰਜਵੀਂ ਸਰਬ ਹਿੰਦ ਵਿੱਦਿਅਕ ਕਾਨਫਰੰਸ ਵੇਲੇ ਸਿਆਲਕੋਟ ਵਿਖੇ ਪ੍ਰੋ. ਪੂਰਨ ਸਿੰਘ ਨਾਲ ਮੇਲ ਹੋਇਆ। ਪ੍ਰੋ. ਸਾਹਬ ਸੀ ਤਾਂ ਸਿੱਖ ਹੀ, ਪਰ ਜਪਾਨ ਵਿਚ ਪੜ੍ਹਦਿਆਂ ਉਹ ਸਵਾਮੀ ਰਾਮਤੀਰਥ ਦੇ ਪ੍ਰਭਾਵ ਹੇਠ ਆ ਕੇ ਸਿੱਖੀ ਨਿਸ਼ਾਨ ਨੂੰ ਤਿਲਾਂਜਲੀ ਦੇ ਕੇ ਸਨਿਆਸੀ ਬਣ ਗਏ ਸਨ। ਜਦੋਂ ਉਹ ਘੋਨ ਮੋਨ ਹੋ ਕੇ ਭਾਰਤ ਪਰਤੇ ਤਾਂ ਉਨ੍ਹਾਂ ਦੇ ਰਿਸ਼ਤੇਦਾਰ, ਖ਼ਾਸ ਕਰਕੇ ਭੈਣ ਭਣੌਈਆ ਬਹੁਤ ਦੁਖੀ ਹੋ ਗਏ।ਉਹ ਕੋਸ਼ਿਸ਼ ਵਿਚ ਲੱਗ ਗਏ ਕਿ ਕਿਸੇ ਤਰ੍ਹਾਂ ਪੂਰਨ ਸਿੰਘ ਫਿਰ ਸਿੱਖੀ ਸਰੂਪ ਧਾਰਨ ਕਰ ਲਵੇ।ਉਨ੍ਹਾਂ ਨੇ ਪੂਰਨ ਸਿੰਘ ਅਤੇ ਭਾਈ ਸਾਹਿਬ ਦਾ ਮੇਲ ਕਰਾਉਣ ਦਾ ਯਤਨ ਆਰੰਭ ਕਰ ਦਿੱਤਾ।ਉਨ੍ਹਾਂ ਨੂੰ ਇਹ ਯਕੀਨ ਸੀ ਜੇ ਦੋਹਾਂ ਦਾ ਮੇਲ ਹੋ ਜਾਏ ਤਾਂ ਭਾਈ ਵੀਰ ਸਿੰਘ, ਪੂਰਨ ਸਿੰਘ ਨੂੰ ਸਮਝਾਉਣ ਵਿਚ ਕਾਮਯਾਬ ਜ਼ਰੂਰ ਹੋਣਗੇ।

ਆਖਰ ਇਹ ਮੁਲਾਕਾਤ 6 ਅਪਰੈਲ 1912 ਨੂੰ ਸਿਆਲਕੋਟ ਵਿਚ ਕਾਨਫਰੰਸ ਦੇ ਮੌਕੇ ਹੋ ਗਈ। ਦੋਹਾਂ ਨੇ ਨਿਵੇਕਲੇ ਬੈਠ ਕੇ ਬਹੁਤ ਦੇਰ ਤੱਕ ਵਿਚਾਰ ਵਟਾਂਦਰਾ ਕੀਤਾ। ਭਾਈ ਸਾਹਿਬ ਨੇ ਆਪਣੇ ਵਿਚਾਰਾਂ ਨਾਲ ਪੂਰਨ ਸਿੰਘ ਨੂੰ ਕਾਇਲ ਕਰ ਲਿਆ।ਉਹ ਮੁੜ ਸਿੱਖੀ ਧਾਰਨ ਕਰਨ ਲਈ ਰਾਜੀ ਹੋ ਗਏ। ਫਿਰ ਉਨ੍ਹਾਂ ਸਿੱਖੀ ਵਿਚ ਹੀ ਪ੍ਰਵੇਸ਼ ਨਹੀਂ ਲਿਖਣੀ ਸਿੱਖੀ ਅਤੇ ਅੰਗਰੇਜ਼ੀ ਵਿਚ ਲਿਖਣ ਦੀ ਬਜਾਏ ਪੰਜਾਬੀ ਵਿਚ ਕਵਿਤਾ ਲਿਖਣ ਲੱਗ ਪਏ। ਪ੍ਰੋਫੈਸਰ ਸਾਹਿਬ, ਭਾਈ ਸਾਹਿਬ ਨੂੰ ਪਿਤਾ ਸਮਾਨ ਇੱਜ਼ਤ ਦੇਣ ਲੱਗੇ। ਪਰ ਅਫ਼ਸੋਸ ਦੋਹਾਂ ਦਾ ਮੇਲ ਮਿਲਾਪ ਥੋੜ੍ਹਾ ਚਿਰ ਹੀ ਰਿਹਾ। ਪ੍ਰੋ. ਪੂਰਨ ਸਿੰਘ 31 ਮਾਰਚ 1931 ਨੂੰ ਅਕਾਲ ਚਲਾਣਾ ਕਰ ਗਏ। ਭਾਈ ਸਾਹਿਬ ਨੂੰ ਉਨ੍ਹਾਂ ਦੇ ਜਾਣ ਦਾ ਬਹੁਤ ਸਦਮਾ ਲੱਗਾ।

ਪ੍ਰੋ. ਪੂਰਨ ਸਿੰਘ ਨੇ ਭਾਈ ਸਾਹਿਬ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ 'ਨਰਗਸ' ਨਾਮ ਹੇਠ ਕਿਤਾਬ ਦਾ ਖਰੜਾ ਤਿਆਰ ਕਰਕੇ ਮਸ਼ਹੂਰ ਚਿਤਰਕਾਰ ਮੁਹੰਮਦ ਅਬਦੁਲ ਰਹਿਮਾਨ ਚੁਗਤਾਈ ਨੂੰ ਦਿੱਤਾ। ਚੁਗਤਾਈ ਨੇ ਉਨ੍ਹਾਂ ਕਵਿਤਾਵਾਂ ਦੇ ਸਕੈੱਚ ਬਣਾਏ ਤੇ ਫਿਰ ਉਸ ਕਿਤਾਬ ਦੀ ਛਪਾਈ ਇੰਗਲੈਂਡ ਵਿਚ ਹੋਈ।

ਕਹਿੰਦੇ ਹਨ ਸ . ਸੋਭਾ ਸਿੰਘ ਇਰਾਕ ਵਿਚ ਡਰਾਫਟਸਮੈਨ ਵਜੋਂ ਨੌਕਰੀ ਕਰ ਰਹੇ ਸਨ। ਉਨ੍ਹਾਂ ਦਾ ਮਨ ਚਿਤਰਕਾਰੀ ਵੱਲ ਨੂੰ ਹੋਣ ਲੱਗਾ। ਉਹ ਨੌਕਰੀ ਛੱਡ ਕੇ ਦੇਹਰਾਦੂਨ ਆ ਗਏ। ਏਥੇ ਆ ਕੇ ਉਨ੍ਹਾਂ ਦੇ ਦਿਲ ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਬਣਾਉਣ ਦਾ ਖਿਆਲ ਆਇਆ।ਉਹ ਸੋਚਣ ਲੱਗੇ ਕਿ ਕਿਸ ਸੱਜਣ ਨਾਲ ਵਿਚਾਰ ਕੀਤੀ ਜਾਵੇ ਕਿ ਗੁਰੂ ਸਾਹਿਬਾਨਾਂ ਦੀ ਸਰੀਰਕ ਦਿੱਖ ਕਿਹੋ ਜਿਹੀ ਸੀ। ਕਿਸੇ ਨੇ ਉਨ੍ਹਾਂ ਨੂੰ ਭਾਈ ਵੀਰ ਸਿੰਘ ਕੋਲ ਜਾਣ ਲਈ ਕਿਹਾ। ਉਹ ਭਾਈ ਸਾਹਿਬ ਕੋਲ ਅੰਮ੍ਰਿਤਸਰ ਆਏ ਤੇ ਆਪਣੀ ਮੁਸ਼ਕਲ ਦੱਸੀ। ਭਾਈ ਸਾਹਿਬ ਨੇ ਦੱਸਿਆ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸਰੀਰ ਕੁਝ ਭਾਰਾ ਸੀ ਤੇ ਗਰਦਨ ਆਮ ਨਾਲੋਂ ਕੁਝ ਲੰਬੀ ਸੀ। ਸੋਭਾ ਸਿੰਘ ਜੀ ਨੇ ਦਸੇ ਅਨੁਸਾਰ ਚਿਤਰ



ਬਣਾਇਆ ਤੇ ਅੰਮ੍ਰਿਤਸਰ ਆ ਕੇ ਭਾਈ ਜੀ ਨੂੰ ਦਿਖਾਇਆ।ਜੋ ਘਾਟ ਮਹਿਸੂਸ ਹੋਈ ਦੋਹਾਂ ਨੇ ਵਿਚਾਰ ਕਰਕੇ ਉਹ ਨੋਟ ਕਰ ਲਈ। ਸੋਭਾ ਸਿੰਘ ਚਿੱਤਰ ਲੈ ਕੇ ਦੇਹਰਾਦੂਨ ਆਪਣੇ ਸਟੂਡੀਓ ਆਏ ਤੇ ਚਿੱਤਰ ਨੂੰ ਫਿਰ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਦੇ ਚਾਰ ਪੰਜ ਚੱਕਰ ਅੰਮ੍ਰਿਤਸਰ—ਦੇਹਰਾਦੂਨ ਦੇ ਲੱਗੇ। ਚਿੱਤਰ ਤਿਆਰ ਹੋ ਗਏ। ਸਿੱਖ ਜਗਤ ਵਿਚ ਉਨ੍ਹਾਂ ਚਿੱਤਰਾਂ ਨੂੰ ਬਹੁਤ ਸਲਾਹਿਆ ਗਿਆ।

ਭਾਈ ਵੀਰ ਸਿੰਘ ਜੀ ਦੀ, ਬਾਣੀ ਵਿਚ ਅਥਾਹ ਨਿਸਚਾ ਸੀ। ਉਹ ਰੋਜ਼ ਹਰਮੰਦਰ ਸਾਹਿਬ ਜਾਂਦੇ, ਸੇਵਾ ਕਰਦੇ, ਬਾਣੀ ਸੁਣਦੇ ਤੇ ਵਿਚਾਰਦੇ।ਜਦੋਂ 1947 ਦਾ ਵੱਢ ਵਢਾਂਗਾ ਹੋਇਆ ਉਦੋਂ ਭਾਈ ਸਾਹਿਬ ਆਪਣੇ ਛੋਟੇ ਵੀਰ ਬਲਬੀਰ ਸਿੰਘ ਨਾਲ ਪੰਜਾਬ ਸਿੰਧ ਬੈਂਕ ਵਿਚ ਕਿਸੇ ਮੀਟਿੰਗ ਵਿਚ ਬੈਠੇ ਸਨ। ਭਾਈ ਸਾਹਿਬ ਤੋਂ ਛੋਟੇ ਤਿੰਨ ਭਰਾ ਜੈ ਰਾਜ ਸਿੰਘ, ਲਖਬੀਰ ਸਿੰਘ ਤੇ ਡਾ. ਬਲਵੀਰ ਸਿੰਘ ਅਤੇ ਦੋ ਭੈਣਾਂ ਮਥੁਰਾ ਦੇਵੀ ਤੇ ਬੀਬੀ ਸੰਤੀ ਸਨ। ਜਦੋਂ ਉਹ ਵਿਹਲੇ ਹੋ ਕੇ ਬਾਹਰ ਨਿਕਲੇ ਤਾਂ ਕਈ ਥਾਵਾਂ ਤੇ ਭਾਂਬੜ ਮਚੇ ਹੋਏ ਸਨ।

ਉਹ ਇਲਾਕਾ ਮੁਸਲਿਮ ਅਬਾਦੀ ਦੀ ਬਹੁਲਤਾ ਵਾਲਾ ਸੀ। ਹਰ ਪਾਸੇ ਅੱਲਾ ਅਕਬਰ ਦੇ ਨਾਹਰੇ ਲੱਗ ਰਹੇ ਸਨ। ਡਾਕਟਰ ਬਲਬੀਰ ਸਿੰਘ ਹੁਰਾਂ ਡਰਾਈਵਰ ਨੂੰ ਕਿਹਾ ਕਿ ਕਾਰ ਬਿਲਕੁਲ ਨਹੀਂ ਰੋਕਣੀ ਭਾਵੇਂ ਕੋਈ ਕੁਝ ਕਹੇ। ਤਿੰਨੇ ਕਾਰ ਵਿਚ ਬੈਠ ਗਏ।ਰਾਹ ਵਿਚ ਮੁਸਲਮਾਨਾਂ ਨੇ ਕਾਰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਨੇ ਐਕਸੀਲੇਟਰ ਤੋਂ ਪੈਰ ਨਾ ਚੁੱਕਿਆ ਕਈ ਥਾਵਾਂ ਤੇ ਕਾਰ ਉਤੇ ਡਾਗਾਂ ਵੀ ਵਰ੍ਹੀਆਂ। ਜਿਵੇਂ ਕਿਵੇਂ ਤਿੰਨੇ ਜਣੇ ਕੋਠੀ ਪਹੁੰਚ ਗਏ।ਉਥੋਂ ਭਾਈ ਸਾਹਿਬ ਨੇ ਲੈਫਟੀਨੈਂਟ ਕਰਨਲ ਗੁਲੋਰੀਆਂ ਨੂੰ ਫੋਨ ਕਰਕੇ ਸ਼ਹਿਰ ਦੇ ਹਾਲਾਤ ਤੋਂ ਜਾਣੂ ਕਰਾਇਆ। ਉਸ ਅਫਰਾ ਤਫਰੀ ਨੂੰ ਕੰਟਰੋਲ ਕਰਨ ਲਈ ਵਿਚਾਰ ਕੀਤੀ ਗਈ। ਮਿਲਟਰੀ ਨੇ ਭਾਈ ਸਾਹਬ ਨੂੰ ਦੱਸਿਆ ਕਿ ਸ਼ਹਿਰ ਦੇ ਹਾਲਾਤ ਬਹੁਤ ਖ਼ਰਾਬ ਹੋ ਰਹੇ ਹਨ। ਤੁਸੀਂ ਕੋਠੀ ਖ਼ਾਲੀ ਕਰ ਦਿਓ। ਭਾਈ ਸਾਹਿਬ ਨੇ ਖ਼ਾਸ ਖ਼ਾਸ ਸਮਾਨ ਇਕੱਠਾ ਕੀਤਾ ਤੇ ਪਰਿਵਾਰ ਨਾਲ ਦੇਹਰਾਦੂਨ ਚਲੇ ਗਏ। ਉਸ ਤੋਂ ਬਾਅਦ ਉਜੜ ਕੇ ਆਏ ਲੋਕਾਂ ਨੂੰ ਵਸਾਉਣ ਦਾ ਪ੍ਰਬੰਧ ਵੀ ਭਾਈ ਸਾਹਿਬ ਕਰਦੇ ਰਹੇ।

ਜਦੋਂ ਕੁਝ ਟਿਕ ਟਿਕਾ ਹੋ ਗਿਆ ਤਾਂ ਭਾਈ ਸਾਹਿਬ ਨੇ ਦੇਹਰਾਦੂਨ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨਾ ਆਰੰਭ ਕੀਤਾ। ਪੰਜਾਬ ਵੰਡ ਹੋ ਗਿਆ। ਪੰਜਾਬ ਯੂਨੀਵਰਸਿਟੀ ਲਾਹੌਰ ਰਹਿ ਗਈ। ਯੂਨੀਵਰਸਿਟੀ ਦਾ ਆਰਜ਼ੀ ਦਫ਼ਤਰ ਸ਼ਿਮਲੇ ਬਣਾਇਆ ਗਿਆ।ਉਜੜਕੇ ਆਏ ਲੋਕਾਂ ਦਾ ਆਰਜੀ ਟਿਕ-ਟਿਕਾ ਹੋ ਗਿਆ ਸੀ। ਜਿਨ੍ਹਾਂ ਲੋਕਾਂ ਨੇ ਇਸ ਕੰਮ ਵਿਚ ਹਿੱਸਾ ਲਿਆ ਸੀ। ਯੂਨੀਵਰਸਿਟੀ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਸੀ। ਉਹ ਚਾਰ ਸੱਜਣ ਸਨ।

1. ਸਰ ਚੰਦੂ ਲਾਲ ਤ੍ਰਿਵੇਦੀ ਗਵਰਨਰ ਪੰਜਾਬ
2. ਸਰਦਾਰ ਵੱਲਭ ਭਾਈ ਪਟੇਲ ਗ੍ਰਹਿ ਮੰਤਰੀ ਕੇਂਦਰ ਸਰਕਾਰ
3. ਮਿ. ਜਸਟਿਸ ਮੇਹਰ ਚੰਦ ਮਹਾਜਨ
4. ਭਾਈ ਸਾਹਿਬ ਭਾਈ ਵੀਰ ਸਿੰਘ ਜੀ। ਪੰਜਾਬ ਯੂਨੀਵਰਸਿਟੀ ਵੱਲੋਂ ਭਾਈ

ਸਾਹਿਬ ਭਾਈ ਜੋਧ ਸਿੰਘ ਜੀ ਦੇ ਹੱਥੀਂ ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਆਪ ਜੀ ਦੇ ਅੰਮ੍ਰਿਤਸਰ ਵਾਲੇ ਘਰ ਪਹੁੰਚਾਈ ਗਈ। ਕਿਉਂਕਿ ਭਾਈ ਸਾਹਿਬ ਦੀ ਸਿਹਤ ਨਾਸਾਜ ਹੋਣ ਕਰਕੇ ਉਹ ਸ਼ਿਮਲੇ ਨਹੀਂ ਸੀ ਜਾ ਸਕਦੇ।

ਇਸ ਤੋਂ ਕੁਝ ਚਿਰ ਪਿੱਛੋਂ ਪੰਜਾਬੀ ਕਦਰਦਾਨਾਂ ਨੇ ਦਿੱਲੀ ਵਿਚ ਇਕ ਸਭਾ ਬਣਾਈ। ਜਿਸਦਾ ਨਾਮ ਰੱਖਿਆ ਗਿਆ, "ਭਾਈ ਵੀਰ ਸਿੰਘ ਸਟੱਡੀ ਸਰਕਲ। ਇਸ ਸਭਾ ਨੇ ਫੈਸਲਾ ਕੀਤਾ ਕਿ ਭਾਈ ਸਾਹਿਬ ਵੱਲੋਂ ਪੰਜਾਬੀ ਲਈ ਕੀਤੀ ਘਾਲ ਦੀ ਕਦਰ ਕਰਦਿਆਂ ਸਮੂਹ ਪੰਜਾਬੀ ਪਿਆਰਿਆਂ ਵੱਲੋਂ ਭਾਈ ਸਾਹਿਬ ਦੇ ਕਿਸੇ ਜਨਮ ਦਿਨ ਵੇਲੇ ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਭੇਂਟ ਕੀਤਾ ਜਾਏ। ਉਸ ਦੀ ਤਿਆਰੀ ਵਾਸਤੇ ਸਰ ਤੇਜਾ ਸਿੰਘ ਮਲਕ ਦੀ ਪ੍ਰਧਾਨਗੀ ਹੇਠ ਇਕ ਅਭਿਨੰਦਨ ਗ੍ਰੰਥ ਕਮੇਟੀ ਬਣਾ ਕੇ ਗ੍ਰੰਥ ਪੂਰਾ ਕਰਨ ਦਾ ਕੰਮ ਅਰੰਭਿਆ ਗਿਆ।ਜਦੋਂ ਉਹ ਗ੍ਰੰਥ ਤਿਆਰ ਹੋ ਗਿਆ ਤਾਂ 25 ਦਸੰਬਰ 1954 ਨੂੰ ਬੰਬਈ ਵਿਚ ਹੋਈ ਸਿੱਖ ਵਿੱਦਿਅਕ ਕਾਨਫਰੰਸ ਦੇ 38ਵੇਂ ਇਜਲਾਸ ਸਮੇਂ, ਕਾਨਫਰੰਸ ਦੇ ਪ੍ਰਧਾਨ ਹਿਜ਼ ਐਕਸੀਲੈਂਸੀ ਸਰਦਾਰ ਹਰਦਿੱਤ ਸਿੰਘ ਜੀ ਮਲਕ (ਜੋ ਉਸ ਸਮੇਂ ਫਰਾਂਸ ਵਿੱਚ ਸਫੀਰ ਸਨ) ਦੁਆਰਾ ਭਾਈ ਸਾਹਿਬ ਨੂੰ ਭੇਟ ਕੀਤਾ ਗਿਆ।ਇਸ ਦੇ ਨਾਲ ਹੀ ਆਪ ਜੀ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਵੀ ਨਾਮਜਦ ਕੀਤਾ ਗਿਆ।

ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਸੁਰਜੀਤ ਸਿੰਘ ਮਿਨਹਾਸ ਵੀ ਸ਼ਾਮਲ ਸਨ।ਉਨ੍ਹਾਂ ਨੇ ਮੇਰਾ ਇਹ ਲੇਖ ਵਰਿਆਮ ਵਿਚ ਪੜ੍ਹ ਕੇ ਫੋਨ ਕੀਤਾ ਅਤੇ ਦੱਸਿਆ ਕਿ ਜਦੋਂ ਭਾਈ ਸਾਹਿਬ ਨੂੰ ਇਹ ਸਨਮਾਨ ਦਿੱਤਾ ਗਿਆ ਤਾਂ ਮਲਕ ਜੀ ਨੇ ਭਾਈ ਸਾਹਿਬ ਨੂੰ ਕੁਝ ਸ਼ਬਦ ਬੋਲਣ ਲਈ ਕਿਹਾ। ਤਾਂ ਭਾਈ ਸਾਹਿਬ ਨੇ ਹੱਥ ਜੋੜ ਦਿਆਂ ਜਬਾਬ ਦਿੱਤਾ ਕਿ ਪਰਮਾਤਮਾ ਨੇ ਮੈਨੂੰ ਲਿਖਣ ਦੀ ਕਲਾ ਦਿੱਤੀ ਹੈ, ਸਟੇਜ ਉਤੇ ਖੜ੍ਹ ਹੋਕੇ ਕੁਝ ਕਹਿਣ ਦੀ ਕਲਾ ਮੇਰੇ ਵਿਚ ਨਹੀਂ ਹੈ। ਜੋ ਜ਼ਰੂਰੀ ਹੈ ਤਾਂ ਮੈਂ ਆਪਣੇ ਸ਼ਬਦ ਲਿਖ ਦਿੰਦਾ ਹਾਂ ਕੋਈ ਸੱਜਣ ਪੜ੍ਹ ਦੇਵੇ। ਫਿਰ ਉਨ੍ਹਾਂ ਆਪਣੇ ਵੱਲੋਂ ਧੰਨਵਾਦੀ ਸ਼ਬਦ ਲਿਖ ਕੇ ਦਿੱਤੇ ਜੋ ਪੜ੍ਹ ਕੇ ਸੁਣਾਏ ਗਏ।

ਅਕਤੂਬਰ 1956 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਜੀ ਵੱਲੋਂ ਆਪ ਨੂੰ 'ਪਦਮ ਭੂਸ਼ਨ' ਦਾ ਸਨਮਾਨ ਦਿੱਤਾ ਗਿਆ।

ਭਾਈ ਵੀਰ ਸਿੰਘ ਨੇ ਸਿਰਫ ਸਾਹਿਤ ਰਚਨਾ ਹੀ ਨਹੀਂ ਕੀਤੀ, ਉਨ੍ਹਾਂ ਦੇ ਕਈ ਸੰਸਥਾਵਾਂ ਨੂੰ ਵੀ ਜੀਵਨ ਦਿੱਤਾ। ਉਨ੍ਹਾਂ ਨੇ ਚੀਫ਼ ਖਾਲਸਾ ਦਿਵਾਨ ਦਾ ਮੁੱਢ ਬੰਨਿਆ। ਖਾਲਸਾ ਕਾਲਜ ਅੰਮ੍ਰਿਤਸਰ, ਸੈਂਟਰਲ ਸਿੱਖ ਅਨਾਥਾਲਿਆ, ਸੁਰਮਾ ਸਿੰਘ ਆਸ਼ਰਮ, ਹੋਮਿਓ ਪੈਥਿਕ ਹਸਪਤਾਲ ਵਗੈਰਾ ਆਪ ਜੀ ਦੇ ਉਦਮ ਨਾਲ ਹੀ ਪੈਰਾਂ ਸਿਰ ਹੋਏ। ਇਨ੍ਹਾਂ ਦੀ ਸਹਾਇਤਾ ਲਈ ਟਰੱਸਟ ਵੀ ਬਣਾਏ ਗਏ। ਇਨ੍ਹਾਂ ਦੀ ਚੜ੍ਹਦੀ ਕਲਾ ਰੱਖਣ ਲਈ ਆਪਨੇ ਦਿਨ ਰਾਤ ਮਿਹਨਤ ਕਰਦਿਆਂ ਨੀਂਦ ਅਤੇ ਭੁੱਖ ਦੀ ਪਰਵਾਹ ਵੀ ਨਹੀਂ ਕੀਤੀ। ਜਿਸਦਾ ਨਤੀਜਾ ਇਹ ਹੋਇਆ ਕਿ ਆਪਦੀ ਸਿਹਤ ਕਮਜੋਰ ਹੋਣ ਲਗ ਪਈ। ਭਾਈ ਸਾਹਿਬ ਕਮਜੋਰੀ ਦੀ ਪਰਵਾਹ ਨਾ ਕਰਦੇ ਹੋਏ ਜ਼ਰੂਰੀ ਕੰਮ ਨੂੰ ਨੇਪਰ਼ੇ ਚਾੜ੍ਹਨ ਵਿੱਚ ਲੱਗੇ ਰਹਿੰਦੇ।



ਫਿਰ ਇਕ ਦਿਨ ਪਤਾ ਲਗਾ ਕਿ ਸਖ਼ਤ ਮਿਹਨਤ ਨਾਲ ਸਰੀਰ ਦੇ ਸਾਰੇ ਪੱਠੇ ਥੱਕ ਗਏ ਹਨ। ਪਰਿਵਾਰ ਵੱਲੋਂ ਆਪ ਨੂੰ ਅਰਾਮ ਕਰਨ ਲਈ ਕਸੌਲੀ ਲੈ ਜਾਣ ਦੀ ਤਿਆਰੀ ਹੋਣ ਲਗੀ।

ਡਾਕਟਰ ਭਾਈ ਬਲਬੀਰ ਸਿੰਘ ਹੋਰ ਮਾਹਰ ਡਾਕਟਰਾਂ ਨਾਲ ਮਸ਼ਵਰਾ ਕਰਕੇ ਆਪ ਦਾ ਦਵਾ ਦਾਰੂ ਕਰ ਰਹੇ ਸਨ। ਆਪ ਬਹੁਤਾ ਸਮਾਂ ਸਿਮਰਨ ਵਿਚ ਲਗੇ ਰਹਿੰਦੇ। ਸਭ ਕੁਝ ਹੋਣ ਦੇ ਬਾਵਜੂਦ ਕਮਜੋਰੀ ਦੂਰ ਨਹੀਂ ਸੀ ਹੋ ਰਹੀ। ਕੋਈ ਵੀ ਯਤਨ ਕਾਮਯਾਬ ਨਾ ਹੋ ਸਕਿਆ।ਆਖਰ ਆਪ 10 ਜੂਨ 1957 ਨੂੰ ਸਾਰਿਆਂ ਨੂੰ ਫਤਿਹ ਕਹਿ ਕੇ ਇਸ ਦੁਨੀਆਂ ਤੋਂ ਤੁਰ ਗਏ। ਉਸੇ ਸ਼ਾਮ ਹੀ ਆਪ ਜੀ ਦਾ ਸਸਕਾਰ ਕੋਠੀ ਦੇ ਬਾਗ ਵਿਚ ਕਰ ਦਿੱਤਾ ਗਿਆ। ਬਾਗ ਵਿਚ ਸਸਕਾਰ ਕਰਨ ਦੀ ਆਗਿਆ ਲਿਖਤੀ ਰੂਪ ਵਿਚ ਸਬੰਧਤ ਹਾਕਮਾਂ ਕੋਲੋਂ ਲੈ ਲਈ ਗਈ ਸੀ।

# ਕਹਾਣੀਆਂ

## ਅੰਨ੍ਹਾ ਖ਼ੂਹ

**ਸੁਰਿੰਦਰ ਰਾਮਪੁਰੀ**

ਦੁਲੇਕਿਆਂ ਦਾ ਕਰਨੈਲ ਚੜਾਈ ਕਰ ਗਿਆ, ਇਹ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਪਿੰਡ ਵਿਚ ਫੈਲ ਗਈ। ਜਰਮਨੀ ਤੋਂ ਆਏ ਨੂੰ ਅਜੇ ਦੋ ਮਹੀਨੇ ਵੀ ਨਹੀਂ ਸਨ ਹੋਏ। ਪਤਾ ਨਹੀਂ ਕੀ ਭਾਣਾ ਵਰਤ ਗਿਆ। ਇਹੋ ਜਿਹੀ ਬਿਮਾਰੀ ਲੱਗੀ, ਜਾਨ ਨਾਲ ਹੀ ਗਈ। ਲਹੂ ਦਾ ਪਾਣੀ ਬਣ ਗਿਆ।ਸਰੂ ਵਰਗਾ ਜੁਆਨ, ਕਿੱਕਰ ਦੇ ਮੋਛੇ ਵਰਗਾ ਨਰੋਇਆ, ਚੋਬਰ ਜੱਟ ਦਿਨਾਂ ਵਿਚ ਹੀ ਸੁੱਕ ਗਿਆ।ਹੱਡਾਂ ਨੂੰ ਜਿਵੇਂ ਘੁਣ ਖਾ ਗਿਆ। ਇਕ ਨਰੋਈ ਢਿਗ ਪਾਣੀ 'ਚ ਡਿੱਗ ਕੇ ਖੁਰ ਗਈ।

ਕਰਨੈਲ ਦੀ ਮਾਂ, ਭੈਣ ਅਤੇ ਪਤਨੀ ਦੇ ਕੀਰਨੇ ਸੁਣੇ ਨਹੀਂ ਸਨ ਜਾ ਰਹੇ। ਤਿੰਨਚਾਰ ਸਾਲ ਦਾ ਬਾਲ ਘਰਦਿਆਂ ਨੂੰ ਰੋਂਦਿਆਂ ਦੇਖ-ਦੇਖ ਰੋਈ ਜਾ ਰਿਹਾ ਸੀ। ਕੋਈ ਅੱਖ ਨਹੀਂ ਸੀ ਜੋ ਭਰੀ ਨਾ ਹੋਵੇ।

" ਇਹੋ-ਜੀ ਅਣਹੋਣੀ ਤਾਂ ਕਿਸੇ ਨਾਲ ਨਾ ਹੋਵੇ ਭਾਈ।" ਰੱਬ ਨੇ ਪਤਾ ਨੀਂ ਕਿਹੜੇ ਜਨਮਾਂ ਦਾ ਵੈਰ ਲਿਐ, ਜਿਹੜਾ ਇਕਲੌਤਾ ਪੁੱਤ ਜਵਾਨੀ 'ਚ ਖੋਹ ਲਿਆ।

" ਸਭ ਲੈਣ-ਦੇਣੇ ਦੇ ਸਬੰਧ ਨੇ ਭਾਈ।

"ਬਹੂ ਤਾਂ ਵਿਲਕਦੀ ਦੇਖੀ ਨੀਂ ਜਾਂਦੀ।

" ਅਜੇ ਤਾਂ ਕੱਲ੍ਹ ਦੀ ਕੁੜੀ ਐ ਰਾਜੋ। ਮਸਾਂ ਪੰਜ ਸਾਲ 'ਨੀਂ ਹੋਏ ਹੋਣੇ ਵਿਆਹੀ ਆਈ ਪਿੰਡ ਦੀਆਂ ਬੁੜੀਆਂ, ਦੁੱਖ ਵੰਡਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ।

"ਦਾਤੇ ਨੇ ਕੇਰਾਂ ਤਾਂ ਮੁੰਡੇ ਦੀ ਬਾਂਹ ਫੜ ਲਈ ਸੀ ਪਰ ਅੱਧ ਵਿਚਕਾਰ ਡੋਬਾ ਦੇ ਗਿਆ।

"ਕੁਛ ਪਤਾ ਨੀ ਲਗਦਾ ਬਈ ਉਹਦੇ ਰੰਗਾਂ ਦਾ।

ਬਜ਼ੁਰਗ ਆਪੋ ਵਿਚ ਗੱਲਾਂ ਕਰ ਰਹੇ ਸਨ।

ਜਦੋਂ ਕਰਨੈਲ ਦਸਵੀਂ ਵਿਚੋਂ ਫੇਲ੍ਹ ਹੋਇਆ ਸੀ ਤਾਂ ਉਹਦੇ ਪਿਓ ਨੇ ਹਲ ਦਾ ਮੁੰਨਾ ਫੜਾ ਦਿੱਤਾ ਸੀ।ਥੋੜੀ ਜ਼ਮੀਨ ਹੁੰਦੀ ਤਾਂ ਜੱਟ ਦੀ ਜਾਨ ਦਾ ਖੌਅ ਹੀ ਹੈ ਫਿਰ ਵੀ ਕਰਨੈਲ ਹਾਰਿਆ ਨਹੀਂ ਸੀ। ਖੇਤੀ ਵਿਚ ਬਾਪੂ ਦਾ ਹੱਥ ਵਟਾਉਂਦਾ, ਦੋ ਮੱਝਾਂ ਦਾ ਦੁੱਧ (ਡੇਅਰੀ 'ਚ ਪਾਉਂਦਾ ਅਤੇ ਕੌਡੀ ਖੇਲਣ ਦਾ ਸ਼ੌਂਕ ਵੀ ਪਾਲਦਾ। ਉਹ ਮਿੱਟੀ ਨਾਲ ਵੀ ਘੁਲਦਾ ਅਤੇ ਹਾਣੀਆਂ ਨਾਲ ਵੀ ਇਲਾਕੇ ਦੇ ਖੇਡ ਮੇਲਿਆਂ 'ਚ ਕਰਨੈਲ ਦੀ ਟੀਮ ਦੀ ਹਮੇਸ਼ਾ ਝੰਡੀ ਰਹਿੰਦੀ। ਕਹਿੰਦੇ-ਕਹਾਉਂਦੇ ਖਿਡਾਰੀ ਉਸ ਦੀ ਪਕੜ 'ਚ ਫੜਫੜਾਉਂਦੇ ਰਹਿ ਜਾਂਦੇ ਗੁੱਟ ਤੋਂ ਫੜ ਅਜਿਹਾ ਪਟਕਾ ਮਾਰਦਾ ਅਗਲੇ ਦਾ ਦਮ ਟੁੱਟ ਜਾਂਦਾ। ਪਿਓ ਉਸ ਦੇ ਸ਼ੌਂਕ ਨੂੰ 'ਇੱਲਤਾਂ' ਹੀ ਦੱਸਦਾ ਪਰ ਮਾਂ ਨੇ ਕਦੇ ਵੀ ਮੁੰਡੇ ਦਾ ਘਿਓ ਨਹੀਂ ਸੀ ਮੁੱਕਣ ਦਿੱਤਾ।

ਖੇਤੀ 'ਚ ਕੁਝ ਬਣਦਾ ਨਾ ਦੇਖ ਉਸ ਨੂੰ ਆਪਣੇ ਆਪ ਤੇ ਖਿਝ ਆਉਂਦੀ। ਉਹਨੂੰ ਅੱਚਵੀਂ ਜਿਹੀ ਲੱਗੀ ਜਾਂਦੀ। ਇਹ ਅੱਚਵੀਂ ਹੋਰ ਵੀ ਵਿਕਰਾਲ ਰੂਪ ਧਾਰ ਜਾਂਦੀ ਜਦੋਂ ਉਸ ਨੂੰ ਆਪਣੇ ਆੜੀਆਂ ਦਾ ਖਿਆਲ ਆਉਂਦਾ ਜੋ ਚੰਗ ਕੰਮਾਂ- ਕਾਰਾਂ ਤੇ ਲੱਗ ਗਏ ਸਨ। ਕਰਮਜੀਤ ਬੀ. ਏ. ਕਰ ਬੈਂਕ ਵਿਚ ਲੱਗ ਗਿਆ।ਕੁਲਵਿੰਦਰ ਨੇ ਜੇ. ਬੀ. ਟੀ. ਕਰ ਲਈ, ਹੁਣ ਪਿੰਡ 'ਚ ਹੀ ਪੜ੍ਹਾਉਂਦੈ। ਹਰਜੀਤ ਨੇ ਪ੍ਰਿੰਟਿੰਗ ਪ੍ਰੈਸ ਲਾ ਲਈ। ਮਿੰਦਰ ਜਰਮਨੀ ਚਲਾ ਗਿਆ। ਉਨ੍ਹਾਂ ਵੱਲ ਵੇਖ ਉਸ ਨੂੰ ਆਪਣਾ ਆਪ ਹੀਣਾ ਜਿਹਾ ਲਗਦਾ। ਉਹ ਚਾਹੁੰਦਾ ਉਸ ਦਾ ਹੱਥ ਵੀ ਖੁਲ੍ਹਾ ਹੋਵੇ। ਉਸ ਦਾ ਜੀਅ ਕਰਦਾ ਉਹ ਵੀ ਲਿਸਕ ਪੁਸ਼ਕ ਕੇ ਰਹੇ, ਪਰ ਜ਼ਮੀਨ ਥੋੜੀ ਹੋਣ ਕਰਕੇ ਮਿੱਟੀ ਨਾਲ ਮਿੱਟੀ ਤਾਂ ਹੋਣਾ ਹੀ ਪੈਣਾ ਸੀ। ਹੱਥ ਖੁੱਲ੍ਹਾ ਤਾਂ ਕੀ ਹੋਣਾ ਸੀ ਘਰ ਦੀਆਂ ਗਰਜਾਂ ਹੀ ਸਾਹ ਨਹੀਂ ਸਨ ਲੈਣ ਦਿੰਦੀਆਂ। ਮਨ ਵਿਚ ਭੰਨਾਂ-ਘੜਤਾਂ ਕਰਦਾ ਉਹ ਉਦਾਸੀ 'ਚ ਘਿਰ ਜਾਂਦਾ। ਜਦੋਂ ਉਸਨੂੰ ਵਜ਼ੀਰਾਂ ਹੱਥੋਂ ਟਰਾਫ਼ੀਆਂ ਲੈਣ ਵਾਲੇ ਪਲ ਚੇਤੇ ਆਉਂਦੇ, ਉਸ ਦਾ ਕੱਦ-ਬੁੱਤ ਉੱਚਾ ਹੋ ਜਾਂਦਾ। ਜਦੋਂ ਘਰ ਦੀਆਂ ਤੰਗੀਆਂ ਤੁਰਸ਼ੀਆਂ 'ਚ ਘਿਰਿਆ ਆਪਣੇ ਆਪ ਨੂੰ ਬੇਵਸ ਜਿਹਾ ਮਹਿਸੂਸ ਕਰਦਾ ਤਾਂ ਉਹ ਆਪਣੀਆਂ ਨਜ਼ਰਾਂ 'ਚ ਹੀ ਬੌਣਾ ਜਿਹਾ ਹੋ ਜਾਂਦਾ। ਉਸ ਵੇਲੇ ਨੂੰ ਕੋਸਦਾ, ਜਦੋਂ ਉਸ ਦੀ ਪੜ੍ਹਾਈ ਵਿਚਾਲੇ ਹੀ ਛੁੱਟ ਗਈ ਸੀ। ਮਨ ਹੀ ਮਨ ਵਿਚ ਪਛਤਾਉਂਦਾ ਉਹ ਸੋਚਦਾ ਜੋ ਪੜ੍ਹ ਜਾਂਦਾ ਤਾਂ ਸ਼ਾਇਦ ਕੁਝ ਬਣ ਹੀ ਜਾਂਦਾ।

ਜਰਮਨੀ ਤੋਂ ਮੁੜੇ ਮਿੰਦਰ ਨਾਲ ਗੱਲਾਂ ਕਰਦਾ ਇਕ ਸ਼ਾਮ ਉਹ ਫਿੱਸ ਹੀ ਪਿਆ ਸੀ। "ਤੂੰ ਡੁਸਕਦਾ ਕਾਹਨੂੰ ਐਂ। ਐਵੇਂ ਦਿਲ ਨੀਂ ਹੌਲਾ ਕਰੀਦਾ। ਤੂੰ ਪਾਸਪੋਰਟ ਤਾਂ ਬਣਨਾ ਦੇਹ। ਮਿੰਦਰ ਉਸ ਦਾ ਹੁੰਗਾਰਾ ਬਣਿਆ ਸੀ।

"ਪਾਸਪੋਰਟ ਤਾਂ ਬਣ ਜੂ, ਪਰ ਜਾਣ ਜੋਗੇ ਪੈਸੇ ਕਿੱਥੋਂ ਆਉਣਗੇ। "ਬਾਪੂ ਨੂੰ ਕਹੀਂ ਦੋ ਵਿੱਘੇ ਧਰ ਦੇਵੇ। ਮਗਰੋਂ ਛੁਡਾ ਹੀ ਲੈਣੀ ਐਂ। ਕੋਈ ਨਾ ਕੋਈ ਹੀਲਾ ਤਾਂ ਕਰਨਾ ਹੀ ਪੈਣੋਂ।

ਜਦੋਂ ਕਰਨੈਲ ਨੇ ਬਾਪੂ ਨਾਲ ਇਹ ਗੱਲ ਕੀਤੀ ਤਾਂ ਉਹ ਅੱਗੋਂ ਉੱਖੜੀ ਕੁਹਾੜੀ ਵਾਂਗ ਪਿਆ, " ਪਹਿਲਾਂ ਕਿਹੜੀਆਂ ਮਿਲਖਾਂ ਨੇ ਆਪਣੇ ਕੋਲ, ਜਿਹੜੀ ਹੋਰ ਧਰਨ



ਨੂੰ ਫਿਰਦੈਂ। ਚੁੱਪ ਕਰ ਕੇ ਕੰਮ ਕਰੀ ਜਾਹ। ਪਿਓ-ਦਾਦੇ ਖੇਤੀ ਹੀ ਕਰਦੇ ਰਹੇ ਨੇ।ਉਹ ਭੁੱਖੇ ਨੀਂ ਮਰਗੇ।ਨਾਲੇ ਤੇਰੇ ਕੱਲੇ ਜੋਗੀ ਬਥੇਰੀ ਐ।

" ਹੁਣ ਹਮੇਸ਼ਾਂ ਪਿਓ ਦਾਦਿਆਂ ਵਾਂਗੂੰ ਹੀ ਚਲਦਾ ਰਹੂ ? 'ਕੱਲੇ ਬੰਦੇ ਦੀ ਕਾਹਦੀ ਖੇਤੀ ਐ। ਜੂਨ ਐ ਕੋਈ। ਮੈਥੋਂ ਨੀ ਹੋਰ ਭੱਠ ਝੋਕਿਆ ਜਾਂਦਾ। ਉਹ ਪਹਿਲਾਂ ਤਾਂ ਪਿਓ-

ਮੂਹਰੇ ਉੱਚੀ ਬੋਲਿਆ, ਫਿਰ ਲਿਲਕੜੀ ਜਿਹੀ ਕੱਢਦਾ, ਮਿੰਨਤ ਭਰੇ ਲਹਿਜੇ ਵਿਚ ਬੋਲਿਆ, "ਬਾਪੂ ਔਖੇ-ਸੌਖੇ ਅੱਕ ਤਾਂ ਚੱਬਣਾ ਹੀ ਪਊ।

ਓਥੇ ਕਿਹੜਾ ਰੋਕੜਾਂ ਖਿੰਡੀਆਂ ਪਈਆਂ ਨੇ ਬਈ ਹੁੰਝ ਲਿਆਮੇਂਗਾ। ਓਥੇ ਮਜ਼ਦੂਰੀ ਕਰੇਂਗਾ ।ਆਪਣੇ ਘਰ ਰਾਜਾ ਐਂ ਰਾਜਾ।' ਪਿਓ ਮੁੰਡੇ ਨੂੰ ਬਾਹਰ ਨਹੀਂ ਸੀ ਭੇਜਣਾ ਚਾਹੁੰਦਾ।

"ਇਹੋ ਜਿਹਾ ਰਾਜ ਕੀ ਕਰਨਾ ਐਂ ਚਾਚਾ। ਪਹਿਲਾਂ ਤੁਸੀਂ ਇਹਨੂੰ ਪੜ੍ਹਨੋਂ ਹਟਾ ਲਿਆ ਹੁਣ ਬਾਹਰ ਜਾਣ ਤੋਂ ਰੋਕੀ ਜਾਨੇ ਓਂ। ਜ਼ਮੀਨ ਤਾਂ ਫਿਰ ਵੀ ਲਈ ਜਾਊ। ਵੇਲਾ ਹੱਥ ਨੀਂ ਆਉਂਦਾ ਹੁੰਦਾ, ਹੁਣ ਤਾਂ ਮੈਂ ਨਾਲ ਲਿਜਾ ਰਿਹਾਂ। ਸਾਡੀ ਕੰਪਨੀ 'ਚ ਲੋੜ ਐ ਬੰਦਿਆਂ ਦੀ। ਨਾਲੇ ਮੈਥੋਂ ਇਹਦਾ ਵਲੀ-ਪਾਪ ਨੀਂ ਦੇਖਿਆ ਜਾਂਦਾ। ਮਿੰਦਰ ਨੇ ਉਸ ਦਾ ਪੱਖ ਪੂਰਿਆ। ਮਾਂ ਨੇ ਉਸਦੀ ਹਾਂਅ 'ਚ ਹਾਂਅ ਰਲਾਈ ਅਤੇ ਉਹ ਜਰਮਨੀ ਜਾ ਰਿਹਾ।

ਉਸ ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ। ਅਠਾਰਾਂ ਅਠਾਰਾਂ ਘੰਟੇ ਮਿਹਨਤ ਕੀਤੀ। ਨਾਲ ਦਿਆਂ ਨਾਲੋਂ ਵੱਧ ਓਵਰ ਟਾਈਮ ਲਾਉਣ ਦੀ ਕੋਸ਼ਿਸ਼ ਕਰਦਾ। ਮੁੰਡਿਆਂ ਮੁੰਡਿਆਂ ਵਾਲੀਆਂ ਆਦਤਾਂ ਤੋਂ ਹਮੇਸ਼ਾ ਬਚ ਕੇ ਰਹਿੰਦਾ।

ਪਹਿਲੀ ਵਾਰ ਉਹ ਪਿੰਡ ਮੁੜਿਆ, ਭੈਣ ਦਾ ਵਿਆਹ ਕਰਕੇ ਗਿਆ। ਦੂਸਰੀ ਵਾਰ ਆਇਆ, ਆਪਣਾ ਵਿਆਹ ਕਰਵਾਇਆ।ਉਸ ਦਾ ਬਾਪੂ ਹੁਣ ਖੁਸ਼ ਸੀ। ਮੁੰਡੇ ਨੇ ਮੇਰੀ ਕਬੀਲਦਾਰੀ ਵੀ ਨਜਿੱਠ 'ਤੀ। ਆਪਣਾ ਸਿਰ ਵੀ ਆਪ ਗੁੰਦਿਆ।

"ਬੇਬੇ ! ਭਾਬੀ ਲੜਦੀ ਤਾਂ ਨੀਂ ਤੇਰੇ ਨਾਲ।" ਇਕ ਵਾਰ ਬਚਨੀ ਨੇ ਮਾਂ ਨੂੰ ਪੁੱਛਿਆ, ਤਾਂ ਉਹ ਹੱਸਦੀ ਹੱਸਦੀ ਬੋਲੀ " ਧੀਏ ਤੂੰ ਗਈ, ਇਹ ਆ ਗਈ। ਮੈਨੂੰ ਤਾਂ ਤੇਰੇ ਵਰਗੀ ਓ ਈ ਐ ਹੋਰ ਦੇਖਣ ਨੂੰ ਹੈ ਵੀ ਕੀ। ਸਾਰਾ ਕੰਮ ਸਾਂਭੀ ਫਿਰਦੀ ਆ। ਮੈਨੂੰ ਤਾਂ ਵਿਹਲੀ ਕਰ 'ਤਾ ਇਹਨੇ। ਦੋਵੇਂ ਵਕਤ ਗੁਰੁਦੁਵਾਰੇ ਚਲੀ ਜਾਨੀ ਆਂ। 1 ਘੜੀ ਬਿੰਦ ਬਿੱਟੂ ਨੂੰ ਚੁੱਕ ਲਊਂ। ਤੇਰਾ ਬਾਪੂ ਡੇਅਰੀ ਵਿੱਚ ਦੁੱਧ ਪਾ ਆਉਂਦੈ। ਪੱਠੇ ਲੈ ਆਉਂਦੈ।ਫਿਰ ਸਾਰਾ ਦਿਨ ਵਿਹਲਾ, ਟੋਕਾ ਵੀ ਇਹ ਆਪ ਕਰੂ, ਧਾਰਾਂ ਵੀ ਆਪ ਕੱਢੂ। ਮੈਂ ਤਾਂ ਕਹਿਨੀ ਆਂ ਘਰ ਘਰ ਆਵੇ ਇਹੋ ਜਿਹੀ। ਬਹੁਤੀਆਂ ਪੜ੍ਹਾਈਆਂ ਨੂੰ ਕੀ ਫੂਕਣੈਂ।ਨੂੰਹ ਧੀ ਹੱਥਾਂ ਦੀ ਸੁਹੱਨਰੀ ਹੋਵੇ। ਇੱਜ਼ਤ ਆਲੀ ਹੋਵੇ। ਹੋਰ ਕੀ ਲੈਣੈ। ਕਦੇ ਆਏ ਗਏ ਤੇ ਮੱਥੇ ਵੱਟ ਨੀ ਪਾਉਂਦੀ। ਭਮੀਰੀ ਵਾਂਗੂੰ ਘੁੰਮਦੀ ਫਿਰਦੀ ਐ। ਹੁਣ ਦੇਖ ਤੇਰਾ ਪ੍ਰਾਹੁਣਾ ਗੱਡੀ ਲੈ ਕੇ ਆਇਆ ਹੀ ਰਹਿੰਦੈ।ਨਹੀਂ ਅਗਲੀ ਕਹੂ, ਨਿੱਤ ਆ ਜਾਂਦੈ। ਪਰ ਮਾਂ ਦੀ ਧੀ ਨੇ ਕਦੇ ਨੀ ਜਤਾਇਆ। ਇਹਨੂੰ ਤਾਂ ਸਗੋਂ ਚਾਅ ਚੜ੍ਹ ਜਾਂਦੈ ।ਅੱਗੇ ਪਿੱਛੇ ਭੱਜੀ ਫਿਰੂ।

ਬਚਨੀ ਦਾ ਪ੍ਰਾਹੁਣਾ ਡਰਾਈਵਰ ਹੈ। ਸ਼ਹਿਰ ਨੇੜੇ ਹੋਣ ਕਾਰਨ ਇਧਰ ਗੇੜਾ

ਲਗਦਾ ਹੀ ਰਹਿੰਦਾ ਹੈ।ਬੇਬੇ ਬਾਪੂ ਨੂੰ ਮਿਲ, ਚਾਹ ਪਾਣੀ ਪੀ, ਦੁਖ ਸੁਖ ਪੁੱਛ ਚੁਬਾਰੇ ਜਾ ਚੜ੍ਹੂ।ਉਥੇ ਹੀ ਰੋਟੀ ਉਥੇ ਹੀ ਦੁੱਧ। ਸੌਣ ਲੱਗਿਆ ਤਾਂ ਉਹ ਦੁੱਧ ਪੀਂਦਾ ਵੀ ਨਹੀਂ। ਰਾਜੋ ਦੁੱਧ ਦੀ ਗੜਵੀ ਉਸ ਦੇ ਸਿਰਹਾਣੇ ਰੱਖ ਆਊ, ਜਦੋਂ ਜਾਗ ਆਉਂਦੀ ਹੈ ਪੀ ਲੈਂਦੈ। ਕਦੇ ਸਵੇਰੇ ਸਾਝਰੇ ਜਾਣਾ ਹੋਵੇ ਤਾਂ ਚਾਰ ਵਜੇ ਨੂੰ ਚਾਹ ਪਾਣੀ ਪਿਲਾ ਤੋਰ ਵੀ ਦਊ।

"ਭਾਬੀ ! ਵੀਰ ਬਿਨਾਂ ਚਿੱਤ ਤਾਂ ਅੱਖਾ ਹੀ ਲੱਗਦਾ ਹੋਊ। ਇਕ ਦਿਨ ਬਚਨੀ ਨੇ ਆਪਣੇ ਭਰਾ ਨੂੰ ਯਾਦ ਕਰਦਿਆਂ ਭਰਜਾਈ ਨੂੰ ਛੇੜਿਆ। "ਜੀਅ ਤਾਂ ਕੁੜੇ ਆਹ ਤੇਰਾ ਭਤੀਜਾ ਹੀ ਬਥੇਰਾ ਲਾਈ ਰੱਖਦੈ। ਨਾਲੇ ਸਾਰੀ ਦਿਹਾੜੀ ਤਾਂ ਕੰਮ ਹੀ ਨਹੀਂ ਮੁੱਕਦਾ। ਪਤਾ ਹੀ ਨੀਂ ਲੱਗਦਾ ਕਦੋਂ ਦਿਨ ਚੜ੍ਹਦੈ, ਕਦੋਂ ਛਿਪ ਜਾਂਦੈ। ਰਾਤ ਨੂੰ ਥੱਕੀ ਹਾਰੀ ਨੂੰ ਨੀਂਦ ਬਥੇਰੀ ਆਉਂਦੀ ਐ। ਫਿਰ ਕੁਝ ਰੁਕ, ਧੁਰ ਅੰਦਰੋਂ ਹਉਕਾ ਜਿਹਾ ਭਰਦੀ ਬੋਲੀ, " ਉਂ ਅੜੀਏ, ਆਪਣੇ ਆਦਮੀ ਬਿਨਾਂ ਜੀਅ ਕਾਹਨੂੰ ਲਗਦੈ। ਜਾਣੀਂ ਖੋਹ ਜਿਹੀ ਪੈਂਦੀ ਰਹਿੰਦੀ ਐ। ਉਂਜ ਸਬਰ ਤਾਂ ਕਰਨਾ ਹੀ ਪੈਂਦੈ। ਫਿਰ ਆਪਣੇ ਆਪ ਨੂੰ ਸੰਭਾਲਦਿਆਂ ਬੋਲੀ, "ਉਹ ਕਿਹੜਾ ਸ਼ੌਂਕ ਨੂੰ ਗਿਐ।ਜੇ ਸਰਦਾ ਹੁੰਦਾ ਕਾਹਨੂੰ ਜਾਂਦਾ। ਸਾਡੇ ਪਿੱਛੇ ਹੀ ਪਰਦੇਸ਼ਾਂ 'ਚ ਰੁਲਦੈ ।ਉਹ ਚਾਰ ਛਿੱਲੜ ਕਮਾ ਲਿਆਊ, ਮੁੰਡੇ ਦਾ ਕੁਝ ਬਣ ਜਾਊ।ਉਹ ਤਾਂ'ਨੀਂ ਰੁਲੂ।"ਕੁੜੀ ਸੋਚ ਰਹੀ ਸੀ ਐਵੇਂ ਭਾਬੀ ਦਾ ਜੀਅ ਦੁਖੀ ਕੀਤੈ। ਰਾਜੋ ਆਖ ਰਹੀ ਸੀ,"ਆਪਣਾ ਕੀਐ। ਜੁਆਕ ਤਾਂ ਰਾਜ ਕਰੂ।

ਪਰ ਅੱਜ, ਵਿਲਕ ਰਹੇ ਜੁਆਕ ਨੂੰ ਵਰਾਉਣ ਦੀ ਕਿਸੇ ਨੂੰ ਵੀ ਸੂਰਤ ਨਹੀਂ ਸੀ। ਪਹਿਲੀ ਖ਼ਬਰ ਜੇ ਨ੍ਹੇਰੀ ਵਾਂਗ ਪਿੰਡ 'ਚ ਫੈਲੀ ਸੀ ਤਾਂ ਦੂਸਰੀ ਖ਼ਬਰ ਨੇ ਤੂਫ਼ਾਨ ਵਾਂਗ ਪਿੰਡ ਨੂੰ ਆਪਣੀ ਲਪੇਟ 'ਚ ਲੈ ਲਿਆ। ਹੁਣ ਹਰ ਕੋਈ ਖੌਫ਼ ਜ਼ਦਾ ਸੀ ਜਿਵੇਂ ਪਿੰਡ 'ਚ ਕੋਈ ਮਹਾਂ ਮਾਰੀ ਫੈਲ ਗਈ ਹੋਵੇ। ਹਰ ਇਕ ਦੇ ਮਨ ਵਿਚ ਸ਼ੱਕ, ਦਿਲ ਵਿਚ ਚਿੰਤਾ ਤੇ ਮੂੰਹ ਵਿਚ ਗਲਿਆਨੀ ਭਰੀ ਪਈ ਸੀ। 'ਕਰਨੈਲ ਦੀ ਮੌਤ ਏਡਜ਼ ਨਾਲ ਹੋਈ ਆ। ਡਾਕਟਰਾਂ ਦੀ ਟੀਮ ਨੇ ਉਹਨਾਂ ਦੇ ਪਰਵਾਰ ਦੇ ਸਾਰੇ ਜੀਆਂ ਦਾ ਵੀ ਖ਼ੂਨ ਟੈਸਟ ਕੀਤਾ ਹੈ।"ਹਰ ਇਕ ਦੇ ਮੂੰਹ ਤੇ ਇਹ ਹੀ ਗੱਲ ਸੀ। ਛਿਣਾਂ 'ਚ ਹੀ ਉਨ੍ਹਾਂ ਦਾ ਘਰ, ਸਾਰੇ ਪਿੰਡ ਲਈ ਬਿਗਾਨਾ ਬਣ ਗਿਆ, ਅਜਨਬੀ ਬਣ ਗਿਆ। ਘਿਰਣਾਂ ਦਾ ਕੇਂਦਰ ਬਣ ਗਿਆ। ਕੋਈ ਉਹਨਾਂ ਦੇ ਘਰ ਦੇ ਨੇੜੇ ਦੀ ਵੀ ਲੰਘਣਾ ਨਹੀਂ ਸੀ ਚਾਹੁੰਦਾ। ਵਸਦਾ-ਰੁਸਦਾ ਘਰ ਘੜੀ-ਬਿੰਦ 'ਚ ਉੱਜੜ ਗਿਆ। ਦੂਹਰੀ ਕਰੋਪੀ ਦਾ ਸ਼ਿਕਾਰ ਹੋ ਗਿਆ। ਪਹਿਲਾ ਦਰਦ ਰਤਾ ਵੀ ਘੱਟ ਨਹੀਂ ਸੀ ਹੋਇਆ, ਬੱਜਰ ਦੁੱਖ ਦਾ ਪਹਾੜ ਹੋਰ ਟੁੱਟ ਪਿਆ।

"ਇਹ ਏਡਜ਼ ਹੁੰਦੀ ਕੀ ਐ। ਧਰਮਸ਼ਾਲਾ ਮੂਹਰੇ ਚੌਂਤਰੇ ਤੇ ਬੈਠੇ ਇਕ ਬਜ਼ੁਰਗ ਨੇ ਕਿਹਾ ਤਾਂ ਕਾਲਜ ਪੜ੍ਹਦਾ ਅਮਰੀਕ ਬੋਲ ਪਿਆ, "ਬਾਬਾ ! ਇਹ ਚੰਦਰੀ ਬਿਮਾਰੀ ਹੈ। ਇਸ ਦੇ ਮਰੀਜ਼ ਨੇ ਤਾਂ ਬੱਸ ਮਰਨਾ ਹੀ ਹੁੰਦੈ ਐ। ਇਸ ਦਾ ਕੋਈ ਇਲਾਜ ਨਹੀਂ ਲੱਭਿਆ ਅਜੇ ਨਜ਼ਾਇਜ਼ ਸਰੀਰਕ ਸੰਬੰਧਾਂ 'ਚੋਂ ਉਪਜੀ ਹੋਈ ਬਿਮਾਰੀ ਹੈ ਇਹ। ਬਈ ਕਰਨੈਲ ਦੀ ਤਾਂ ਕਦੇ ਇਹੋ ਜਹੀ ਗੱਲ ਨਹੀਂ ਸੀ ਸੁਣੀ। ਉਹ ਤਾਂ ਕੁੜੀਆਂ ਵਰਗਾ ਮੁੰਡਾ ਸੀ। ਅੱਖ 'ਚ ਪਾਇਆ ਨਹੀਂ ਸੀ ਰੜਕਦਾ।

"ਓਏ ਬਿਸ਼ਨ ਸਿਆਂ ! ਇਸ ਮੁਤ੍ਰੀਰ ਦਾ ਕਾਹਦਾ ਇਤਬਾਰ ਐ।"ਕੋਲ ਬੈਠਾ



ਸੂਬੇਦਾਰ ਅਮਰ ਸਿੰਘ ਬੋਲਿਆ।"ਨਾਲੇ ਜਿਹੜੇ ਆਹ ਖਿਡਾਰੀ ਹੁੰਦੇ ਨੇ ਇਹਨਾਂ ਦੀ ਚੜ੍ਹਾਈ ਵੀ ਵੇਖਣ ਵਾਲੀ ਹੁੰਦੀ ਹੈ, ਉਤਰਾਈ ਵੀ ਜਾਂ ਤਾਂ ਸਿਰੇ ਲੱਗ ਜਾਣਗੇ ਕੁਝ ਬਣ ਜਾਣਗੇ। ਜਾਂ ਫਿਰ ਜਮਾਂ ਈ ਥੱਲੇ ਗਰਕ ਜਾਣਗੇ।ਕੋਈ ਅਮਲੀ ਬਣ ਜੂ, ਕਈ ਵਿਭਚਾਰੀ ਤੀਵੀਂ ਤਾਂ ਇਨਾਂ 'ਚੋਂ ਬਹੁਤਿਆਂ ਦੀ ਕਮਜ਼ੋਰੀ ਹੁੰਦੀ ਹੈ।

"ਨਹੀਂ ਤਾਇਆ । ਇਹ ਤਾਂ ਝੂਠ ਐ। ਇਹੋ ਜਿਹੀ ਤਾਂ ਕੋਈ ਗੱਲ ਨੀਂ।ਫਿਰ ਆਪਣੇ ਕਰਨੈਲ 'ਚ ਤਾਂ ਕਦੇ ਦੇਖੀ ਹੀ ਨਹੀਂ ਸੀ ਇਹੋ ਜਿਹੀ ਗੱਲ ਧੀ-ਭੈਣ ਦੀ ਇੱਜ਼ਤ ਦਾ ਸ਼ਾਂਝੀ ਸੀ, ਮੇਰੇ ਤਾਂ ਨਾਲ ਰਿਹੈ। ਮਿੰਦਰ ਤੋਂ ਆਪਣੇ ਮਿੱਤਰ ਦੀ ਬਦਖੋਈ ਸੁਣੀ ਨਹੀਂ ਜਾ ਰਹੀ ਸੀ।

"ਕਾਕਾ ! ਜਦੋਂ ਤੁਸੀਂ ਬਾਹਰ ਚਲੇ ਜਾਨੇ ਓਂ, ਕੁਝ ਹੋਰ ਈ ਬਣ ਜਾਨੇ ਓਂ। ਨਾਲੇ ਪਰਦੇਸ਼ਾਂ 'ਚ ਇਕੱਲੇ ਰਹਿਣਾ ਕਿਹੜਾ ਸੌਖੋਂ। ਵੀਹ ਘਤਿੱਤਾਂ ਲਗਦੀਆਂ ਨੇ। ਅਗੇ ਤਾਂ ਬੰਦਾ ਇਹੋ-ਜੇ ਐਬ ਕਰਕੇ ਛੁਪਾ ਲੈਂਦਾ ਸੀ, ਹੁਣ ਤਾਂ ਕੁਦਰਤ ਨੇ ਸਭ ਕੁਝ ਨੰਗਾ ਚਿੱਟਾ ਕਰਕੇ ਰੱਖ ਦਿੱਤਾ।

"ਚਾਚਾ ਜਦੋਂ ਤੱਕ ਅਸਲੀਅਤ ਦਾ ਪਤਾ ਨਾ ਹੋਵੇ, ਐਵੇਂ ਕਿਸੇ ਦੀ ਨਿੰਦਿਆਂ 'ਨੀਂ ਕਰੀਦੀ। ਹੁਣ ਤਾਂ ਉਹ ਇਸ ਜਹਾਨ ਤੋਂ ਹੀ ਤੁਰ ਗਿਆ। ਮਿੰਦਰ ਨੂੰ ਆਪਣੇ ਦੋਸਤ ਨਾਲ ਹਮਦਰਦੀ ਹੋ ਰਹੀ ਸੀ।

"ਓਏ ਲੈ ਅਸੀਂ ਤੋਰਿਐ। ਆਪਣੀਂ ਕਰਤੂਸੀਂ ਗਿਐ। ਹੁਣ ਸਾਰੀ ਦੁਨੀਆਂ ਨੂੰ ਤਾਂ ਪਤੈ ਬਈ ਇਹ ਬਿਮਾਰੀ ਬੁਰੀ ਬਹਿਬਤ ਨਾਲ ਹੁੰਦੀ ਹੈ।

"ਹੁਣ ਪਿੰਡ ਵਿਚ ਕਰਨੈਲ ਦੀ ਮੌਤ ਦੀ ਨਹੀਂ ਸਗੋਂ ਉਸ ਬਿਮਾਰੀ ਦੀ ਚਰਚਾ ਸੀ, ਜਿਸ ਨਾਲ ਉਸ ਦੀ ਮੌਤ ਹੋਈ ਸੀ। ਜਵਾਨ ਕੁੜੀਆਂ ਆਪੋ ਵਿਚ ਘੁਸਰ ਮੁਸਰ ਕਰਦੀਆਂ ਇਸ ਬਿਮਾਰੀ ਬਾਰੇ ਇਕ-ਦੂਜੀ ਤੋਂ ਪੁਛ ਦੱਸ ਕਰਦੀਆਂ ਜਿਵੇਂ ਮਨ ਹੀ ਮਨ ਕੋਈ ਦ੍ਰਿੜ੍ਹ ਸੰਕਲਪ ਕਰ ਰਹੀਆਂ ਸਨ।

ਮਾਹੌਲ ਵਿਚ ਭੈਅ ਫੈਲਿਆ ਹੋਇਆ ਸੀ।ਹਰ ਕੋਈ ਡਰਿਆ ਹੋਇਆ ਸੀ। ਮਾਹੌਲ ਵਿਚਲੇ ਭੈਅ ਨੂੰ ਦੂਰ ਕਰਨ ਲਈ ਹੀ ਡਾਕਟਰਾਂ ਦੀ ਟੀਮ ਪਿੰਡ 'ਚ ਆਈ। ਦਰਵਾਜ਼ੇ ਇਕੱਠ ਕੀਤਾ ਗਿਆ। ਡਾਕਟਰਾਂ ਨੇ ਦੱਸਿਆ, ਡਰਨ ਦੀ ਲੋੜ ਨਹੀਂ। ਇਹ ਛੂਤ ਦੀ ਬਿਮਾਰੀ ਨਹੀਂ। ਨੇੜੇ ਜਾਣ ਨਾਲ ਤਾਂ ਇਹ ਕੀ ਹੋਣੀ ਐ, ਇਹ ਤਾਂ ਹੱਥ ਮਿਲਾਉਣ, ਗਲਵੱਕੜੀ ਪਾਉਣ ਜਾਂ ਚੁੰਮਣ ਨਾਲ ਵੀ ਨਹੀਂ ਹੁੰਦੀ। ਇਹ ਤਾਂ ਅਸੁਰੱਖਿਅਤ ਜਿਨਸੀ ਸੰਬੰਧਾਂ, ਇੰਨਜੈਕਸ਼ਨ ਨੀਡਲ ਅਤੇ ਮਰੀਜ਼ ਨੂੰ ਦਿੱਤੇ ਜਾਣ ਵਾਲੇ ਖ਼ੂਨ ਨਾਲ ਹੋ ਸਕਦੀ ਹੈ। ਇਸ ਲਈ ਇਹਨਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਤੁਸੀਂ ਪੀੜਤ ਪਰਿਵਾਰ ਨਾਲ ਘਿਰਣਾ ਕਰਕੇ, ਉਨ੍ਹਾਂ ਦੇ ਦੁੱਖ ਵਿਚ ਵਾਧਾ ਹੀ ਕਰਦੇ ਹੋ। ਸਾਨੂੰ ਉਹਨਾਂ ਦਾ ਦੁੱਖ ਵੰਡਾਉਣਾ ਚਾਹੀਦਾ ਹੈ। ਡਾਕਟਰ ਖ਼ੁਦ ਉਨ੍ਹਾਂ ਦੇ ਘਰ ਗਏ। ਹਮਦਰਦੀ ਪ੍ਰਗਟ ਕੀਤੀ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਵੀ ਖ਼ੂਨ ਟੈਸਟ ਕਰਵਾਉਣ ਦੀ ਸਲਾਹ ਦਿੱਤੀ।ਬਚਨੀ ਅਤੇ ਉਹਦੇ ਪ੍ਰਾਹੁਣੇ ਦਾ ਖ਼ੂਨ ਵੀ ਟੈਸਟ ਕਰਨ ਲਈ ਲਿਆ।

ਮਾਰਦਿਆਂ ਕਿਹਾ "ਪੁੱਤ ਮਿੰਦਰਾ ਤੂੰ ਤਾਂ ਉਹਦੇ ਨਾਲ ਰਿਹੈਂ। ਇਹ ਬਿੱਜ ਕਿੱਧਰੋਂ ਆ ਪਈ। ਉਦੋਂ ਮਿੰਦਰ ਤੋਂ ਵੀ ਆਪਣਾ ਆਪ ਸਾਂਭ ਨਹੀਂ ਸੀ ਹੋਇਆ। ਉਸ ਦੀਆਂ

ਅੱਖਾਂ 'ਚੋਂ ਆਪ-ਮੁਹਾਰੇ ਅੱਥਰੂ ਵਗਣ ਲੱਗ ਪਏ ਸਨ। ਉਸ ਦੀਆਂ ਅੱਥਰੂ ਭਰੀਆਂ ਅੱਖਾਂ ਮੂਹਰੇ ਅਨੇਕ ਘਟਨਾਵਾਂ ਸਿਨਮੇ ਦੀ ਰੀਲ ਵਾਂਗ ਘੁੰਮਣ ਲੱਗ ਪਈਆਂ, ਪਰ ਕਿਤੇ ਵੀ ਕਰਨੈਲ ਦੀ ਅਜਿਹੀ ਤਸਵੀਰ ਨਜ਼ਰ ਨਹੀਂ ਸੀ ਆ ਰਹੀ, ਜਿਸ ਤੇ ਸ਼ੱਕ ਕੀਤਾ ਜਾ ਸਕਦਾ ਹੋਵੇ। ਉਹ ਤੇ ਨਿਰਮਲ ਤਾਂ ਇੱਧਰ-ਉਧਰ ਮੂੰਹ ਮਾਰ ਆਉਂਦੇ ਸਨ ਪਰ ਕਰਨੈਲ ਤਾਂ ਵਾਰ ਵਾਰ ਉਕਸਾਉਣ ਤੇ ਵੀ ਕਦੇ 'ਉੱਧਰ' ਨਹੀਂ ਸੀ ਗਿਆ। ਉਹ ਤਾਂ ਸਗੋਂ ਉਨ੍ਹਾਂ ਨੂੰ ਰੋਕਦਿਆਂ ਆਖਦਾ, "ਆਪਾਂ ਕਾਹਨੂੰ ਕਿਸੇ ਦੀ ਮਜਬੂਰੀ ਦਾ ਫਾਇਦਾ ਉਠਾਉਣੈ। ਨਾਲੇ ਆਪਾਂ ਇਥੇ ਕਮਾਈ ਕਰਨ ਆਏ ਆਂ, ਐਸ਼ਾਂ ਕਰਨ ਨਹੀਂ।ਕਾਹਨੂੰ ਖ਼ੂਨ ਪਸੀਨੇ ਦੀ ਕਮਾਈ ਰੋੜੀ ਜਾਨੇ ਓ। ਕਦੇ ਮਿੰਦਰ ਸੋਚਦਾ ਕੀ ਪਤਾ ਲਗਦੈ ਬੰਦੇ ਦਾ। ਫਿਰ ਮਨ 'ਚ ਆਉਂਦਾ, ਪਤਾ ਕਿਉਂ ਨਹੀਂ ਲਗਦਾ। ਨਾਲ ਰਹਿੰਦੇ ਦਾ ਸਭ ਪਤਾ ਹੁੰਦੈ। ਸਭ ਭੇਤ ਸਾਂਝੇ ਹੁੰਦੇ ਨੇ।ਫਿਰ ਸੋਚਦਾ ਕੋਈ ਗਲਤ ਸੂਈ ਵੀ ਤਾਂ ਲੱਗ ਸਕਦੀ ਹੈ। ਉਹਦੇ ਮੂੰਹੋਂ ਇੰਨਾ ਹੀ ਨਿਕਲਿਆ " ਬੇਬੇ ਕੁਝ ਸਮਝ ਨੀਂ ਆਉਂਦੀ।

ਕੁਝ ਸਮਝ 'ਨੀਂ ਆਉਂਦੀ ਰਾਜੋ ਵੀ ਤਾਂ ਇਹ ਹੀ ਸੋਚ ਰਹੀ ਸੀ। ਉਸਨੂੰ ਇਤਬਾਰ ਹੀ ਨਹੀਂ ਸੀ ਆਉਂਦਾ, ਕਰਨੈਲ ਨੂੰ ਅਜਿਹੀ ਬਿਮਾਰੀ ਲੱਗ ਸਕਦੀ ਹੈ। ਉਹ ਤਾਂ ਉਸ ਦੀ ਸੌਂਹ ਖਾ ਸਕਦੀ ਸੀ। ਫਿਰ ਸੋਚਦੀ ਕੀ ਪਤਾ ਲੱਗਦੈ ਬੰਦਾ ਕਿਸ ਘੜੀ ਥਿੜਕ ਜਾਵੇ ਇਹ ਸੋਚ ਬੌਂਦਲੀ ਜਿਹੀ ਰਾਜੋ ਨੂੰ ਜਿਵੇਂ ਬੇਸੁਰਤ ਕਰ ਗਈ। ਬੇਸੁਰਤੀ ਜਿਹੀ ਵਿਚ ਹੀ ਉਸ ਦੇ ਮਨ 'ਚ ਆਇਆ, ਬੰਦਾ ਥਿੜਕ ਵੀ ਤਾਂ ਸਕਦਾ ਹੈ।ਕੋਈ ਅਣਹੋਣੀ ਵੀ ਤਾਂ ਹੋ ਸਕਦੀ ਹੈ। ਇਸ ਸੋਚ ਨਾਲ ਉਸ ਦਾ ਅੰਗ ਅੰਗ ਕੰਬਣ ਲੱਗ ਪਿਆ।ਉਸ ਪਲ ਦੀ ਯਾਦ ਆਉਂਦਿਆਂ ਉਸ ਦਾ ਲਹੂ ਪਾਣੀ ਬਣ ਗਿਆ, ਜਿਸ ਪਲ ਉਸ ਨਾਲ ਵੀ ਅਣਹੋਣੀ ਵਾਪਰ ਗਈ ਸੀ। ਉਸ ਨੂੰ ਲੱਗਿਆ ਜਿਵੇਂ ਲੱਖ ਲੁਕਾਉਣ ਤੇ ਵੀ ਸਾਰੇ ਭੇਤ ਖੁੱਲ੍ਹ ਗਏ ਹੋਣ। ਜਿਵੇਂ ਅਚਾਨਕ ਕਿਸੇ ਨੇ ਚੁਰੱਸਤੇ ਵਿਚ ਨੰਗੀ ਕਰ ਦਿੱਤਾ ਹੋਵੇ। "ਏਦੂੰ ਤਾਂ ਮੈਂ ਮਰ ਜਾਂਦੀ।ਮੈਂ ਹੀ ਮਰ ਜਾਂਦੀ ਸੋਚਦੀ ਹੋਈ ਉਹ ਅੰਦਰਲੇ ਕਮਰੇ 'ਚ ਚਲੀ ਗਈ।

ਜਦੋਂ ਉਹ ਕਿੰਨੀ ਦੇਰ ਬਾਹਰ ਨਾ ਆਈ ਤਾਂ ਕਰਨੈਲ ਦੀ ਮਾਂ ਨੇ ਕੋਲ ਬੈਠੀ ਆਪਣੀ ਭਤੀਜੀ ਨੂੰ ਕਿਹਾ, " ਕੁੜੇ ਦੇਖ ਤੇਰੀ ਭਾਬੀ ਅੰਦਰ ਕੀ ਕਰਦੀ ਹੈ।" ਕੁੜੀ ਉੱਠ ਕੇ ਅੰਦਰ ਗਈ ਅਤੇ ਚੀਕ ਮਾਰਦੀ ਬੋਲੀ " ਤਾਈ! ਭਾਬੀ ਨੇ ਦਵਾਈ ਪੀ ਲਈ।

"ਨੀਂ ਹੁਣ ਤੂੰ ਵੀ ਕਾਹਨੂੰ ਸਾਡਾ ਲੇਖਾ ਲਈ ਜਾਨੀ ਐ। ਕਹਿੰਦਿਆਂ ਦੁਹੱਥੜ ਮਾਰਦਿਆਂ ਕਰਨੈਲ ਦੀ ਮਾਂ ਉੱਠੀ " ਅਸੀਂ ਤਾਂ ਪਹਿਲਾਂ ਹੀ ਬਥੇਰੇ ਅੱਖੇ ਆਂ। ਘਰ ਵਿ ਹਫੜਾ-ਦਫੜੀ ਪੈ ਗਈ। ਮਿੰਦਰ ਭੱਜ ਕੇ ਡਾਕਟਰ ਨੂੰ ਲੈ ਆਇਆ। ਉਸ ਸ਼ਹਿਰ ਲੈ ਜਾਣ ਦੀ ਸਲਾਹ ਦਿੱਤੀ।

ਹਸਪਤਾਲ ਵਿਚ ਰਾਜੋ ਜ਼ਿੰਦਗੀ ਅਤੇ ਮੌਤ ਨਾਲ ਘੁਲਦੀ ਰਹੀ। ਡਾਕਟਰ ਕਹਿ ਰਿਹਾ ਸੀ, ਕੇਸ ਸੀਰੀਅਸ ਹੈ। ਜ਼ਹਿਰ ਸਾਰੇ ਸਰੀਰ ਵਿਚ ਫੈਲ ਗਿਆ।

ਰਾਜੋ ਨੂੰ ਰਤਾ ਕੁ ਸੁਰਤ ਆਈ, ਜਿਵੇਂ ਬੁਝਣ ਤੋਂ ਪਹਿਲਾਂ ਦੀਵੇ ਦੀ ਲਾਟ ਉੱਚੀ ਹੋ ਜਾਂਦੀ ਹੈ।ਰਾਜੋ ਨੇ ਅੱਖ ਪੁੱਟੀ। ਦੇਖਿਆ, ਉਸ ਦਾ ਸਹੁਰਾ ਦੋਵੇਂ ਹੱਥ ਜੋੜੀ ਖੜ੍ਹਾ ਸੀ। "ਰਾਜੋ ਤੂੰ ਮੇਰੀ ਨੂੰਹ 'ਨੀਂ, ਧੀ ਐਂ। ਸਾਡੀ ਜਿੰਨੀ ਸੇਵਾ ਤੂੰ ਕੀਤੀ ਐ। ਅਸੀਂ ਤੇਰਾ ਦੇਣ



ਨੀਂ ਦੇ ਸਕਦੇ ਪਰ ਮੇਰੇ ਪੁੱਤ ਨੇ ਮੇਰੀ ਗਰਦਣ ਝੁਕਾ 'ਤੀ। ਮੈਂ ਤੇਰਾ ਗੁਨਾਹਗਾਰ ਆਂ ਧੀਏ। ਤੈਥੋਂ ਮੁਆਫੀ ਮੰਗਦਾ। ਮੇਰੇ ਪੁੱਤ ਨੇ ਤੈਨੂੰ ਮੌਤ ਦੇ ਮੂੰਹ 'ਚ ਧੱਕ ਦਿੱਤਾ। ਮੈਂ ਤਾਂ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਵੀ ਨਹੀਂ ਰਿਹਾ। ਸਾਨੂੰ ਮੁਆਫ਼ ਕਰਦੇ ਧੀਏ, ਮੁਆਫ਼ ਕਰਦੇ। ਉਸ ਦੀਆਂ ਅੱਖਾਂ 'ਚੋਂ ਕਿਰਦੇ ਅੱਥਰੂ ਦਾੜ੍ਹੀ ਨੂੰ ਭਿਉਂ ਰਹੇ ਸਨ।

"ਬੱਸ ਕਰੋ ਬਾਪੂ ਜੀ ਬੱਸ ਕਰੋ।ਮੈਥੋਂ ਹੋਰ 'ਨੀਂ ਸੁਣਿਆ ਜਾਂਦਾ। ਉਹ ਧੀਮੀ ਜਿਹੀ ਆਵਾਜ਼ ਵਿਚ ਬੋਲੀ। ਉਹ ਤਾਂ ਮੇਰਾ ਦੇਵਤਾ ਸੀ। ਮੇਰਾ ਇਸ਼ਟ੍ਰ ਸਾਬਤ ਸਬੂਤਾ ਮਨੁੱਖ ਸੀ ਉਹ ਤਾਂ।ਉਹਦਾ ਨੀਂ ਕੋਈ ਕਸੂਰਜ਼ ਕਹਿੰਦੀ ਕਹਿੰਦੀ ਉਹ ਹਫ਼ ਗਈ " ਗੁਨਾਹਗਾਰ ਤਾਂ ਮੈਂ ਹਾਂ ......

"ਹੈਂਅ! ਪਿਉ ਹੱਕਾ-ਬੱਕਾ ਰਹਿ ਗਿਆ।

ਮਾਂ ਸੁੰਨ ਹੋ ਗਈ ਜਿਵੇਂ ਸਮਾਧੀ ਲੱਗ ਗਈ ਹੋਵੇ।

"ਬਾਪੂ ਜੀ.. ਕਹਿੰਦਿਆਂ ਰਾਜੋ ਬੇਸੁਰਤ ਜਿਹੀ ਹੋ ਗਈ। ਬੇਸੁਰਤੀ ਦੇ ਆਲਮ ਵਿਚ ਹੀ ਉਹ ਪਲ ਹੂ-ਬ-ਹੂ ਉਸ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਉੱਠਿਆ, ਜਿਸ ਪਲ ਉਸ ਨਾਲ ਵੀ ਅਣਹੋਣੀ ਵਾਪਰ ਗਈ ਸੀ, ਜਿਸ ਪਲ ਬਚਨੀ ਦੇ ਪ੍ਰਾਹੁਣੇ ਦੇ ਸਿਰਹਾਣੇ ਦੁੱਧ ਰੱਖਣ ਗਈ ਨੂੰ ਉਹਨੇ ਅਚਾਨਕ ਹੀ ਧੂਹ ਕੇ ਮੰਜੇ ਤੇ ਸੁੱਟ ਲਿਆ ਸੀ। ਉਸਦੀਆਂ ਬਾਹਵਾਂ ਵਿਚ ਛਟਪਟਾਂਕੇ ਹੀ ਰਹਿ ਗਈ ਸੀ ਉਹ। ਮਿੱਟੀ ਹੀ ਬਣ ਗਈ। ਉਹ ਕੁਸਕ ਵੀ ਨਾ ਸੀ ਸਕੀ। ਨ੍ਹੇਰੀ ਆਈ। ਤੂਫ਼ਾਨ ਆਇਆ। ਪਤਾ ਨਹੀਂ ਕਿੰਨਾ ਕੁਝ ਹੂੰਝ ਕੇ ਲੈ ਗਿਆ। ਰਾਜੋ ਨੂੰ ਆਪਣੇ ਆਪ ਤੇ ਗਿਲਾਨੀ ਆਉਣ ਲੱਗੀ।ਉਹ ਸੋਚਦੀ, ਮੈਂ ਉਸ ਨੂੰ ਰੋਕ ਕਿਉਂ ਨਾ ਸਕੀ। ਚਾਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਛੁਡਾਉਣ ਦੀ ਹਿੰਮਤ ਕਿਉਂ ਨਾ ਕਰ ਸਕੀ। ਨਾ ਚਾਹੁੰਦਿਆਂ ਵੀ ਮੇਰਾ ਆਪਾਂ ਉਸ ਅੱਗੇ ਢੇਰੀ ਕਿਉਂ ਹੋ ਗਿਆ। ਕਦੇ ਉਹ ਰਿਸ਼ਤਿਆਂ ਬਾਰੇ ਸੋਚਦੀ, ਕਦੇ ਰਿਸ਼ਤਿਆਂ ਵਿਚ ਪੈ ਗਈ ਤਰੇੜ ਬਾਰੇ।ਰਿਸ਼ਤੇ ਰਹਿ ਹੀ ਕਿੱਥੇ ਗਏ। ਸਭ ਕੁਝ ਮਲੀਆਮੇਟ ਹੋ ਗਿਆ। ਮੇਰੇ ਨਾਲ ਵੀ ਧੋਖਾ ਹੋਇਆ।ਭੈਣਾਂ ਵਰਗੀ ਨਣਦ ਬਚਨੀ ਨਾਲ ਵੀ ਅਤੇ ਬਿੱਟੂ ਦੇ ਡੈਡੀ ਨਾਲ ਵੀ। ਰਾਤ ਭਰ ਉਹ ਜਵਾਰ ਭਾਟੇ ਵਿਚ ਘਿਰੀ ਇਕੋ ਗੱਲ ਸੋਚਦੀ ਰਹੀ, ਆਖਰ ਉਹ ਮਿੱਟੀ ਕਿਉਂ ਬਣ ਗਈ।

ਅਗਲੀ ਸਵੇਰ ਸਾਝਰੇ ਉੱਠ, ਉਹ ਪਹਿਲਾਂ ਨ੍ਹਾਤੀ, ਫਿਰ ਚੁੱਲ੍ਹੇ-ਚੌਂਕੇ ਨੂੰ ਪੋਚਾ ਮਾਰਿਆ। ਕੜਾਹ ਪ੍ਰਸ਼ਾਦ ਬਣਾਇਆ।ਪਾਠ ਕੀਤਾ ਅਤੇ ਮਨ ਨੂੰ ਮਜ਼ਬੂਤ ਰੱਖਣ ਦਾ ਪ੍ਰਣ ਲਿਆ। ਬਚਨੀ ਦੇ ਪ੍ਰਾਹੁਣੇ ਨੂੰ ਪ੍ਰਸਾਦ ਦੀ ਕੌਲੀ ਫੜਾਉਂਦਿਆਂ ਉਸ ਨੇ ਰਾਤ ਵਾਲੀ ਗੱਲ ਨੂੰ ਬੁਰੇ ਸੁਪਨੇ ਵਾਂਗ ਭੁੱਲ ਜਾਣ ਵਾਸਤੇ ਕਿਹਾ। ਉਸ ਦੀ ਗੱਲ ਸੁਣਦਾ ਬਚਨੀ ਦਾ ਪ੍ਰਾਹੁਣਾ ਮਨ ਹੀ ਮਨ ਮੁਸਕਰਾ ਰਿਹਾ ਸੀ। ਉਹ ਤਾਂ ਕਈ ਪੱਤਣਾਂ ਦਾ ਤਾਰੂ ਹੀ। ਇਕ ਰਾਤ ਜਦੋਂ ਫਿਰ ਉਸ ਸ਼ਰਾਰਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਾਜੋ ਨੇ ਤੱਤੇ-ਤੱਤੇ ਦੁੱਧ ਦੀ ਗੜਵੀ ਉਸ ਦੇ ਪੱਟਾਂ 'ਤੇ ਉੱਲਟ ਦਿੱਤੀ। ਪੱਟਾਂ 'ਤੇ ਛਾਲੇ ਪੈ ਗਏ। ਰੋਣਹਾਕਾ ਹੋਇਆ ਉਹ ਮਿੰਨਤਾਂ ਕਰ ਰਿਹਾ ਸੀ " ਬੇਬੇ ਬਾਪੂ ਨੂੰ ਨਾ ਦੱਸੀਂ , ਮੈਂ ਤੇਰੇ ਪੈਰੀਂ ਪੈਨਾਂ। ਉਸ ਦਿਨ ਤੋਂ ਬਾਅਦ ਉਹਨੇ ਕਦੇ ਵੀ ਪਿੰਡ ਰਾਤ ਨਹੀਂ ਸੀ ਕੱਟੀ।ਉਨ੍ਹਾਂ ਗੱਲਾਂ ਨੂੰ ਚਿਤਵਦਿਆਂ ਰਾਜੋ ਦਾ ਸਰੀਰ ਕੰਬਣ ਲੱਗ ਪਿਆ।

"ਰਾਜੋ !ਉਸ ਨੂੰ ਕੰਬਦਿਆਂ ਦੇਖ, ਬਾਪੂ ਨੇ ਬੁਲਾਉਣ ਦੀ ਕੋਸ਼ਿਸ਼ ਕੀਤੀ। ਰਾਜੋ ਨੇ ਅੱਖਾਂ ਖੋਲ੍ਹੀਆਂ " ਬਾਪੂ ਜੀ !ਬਚਨੀ ਤੇ ਉਸ ਦਾ ਪ੍ਰਾਹੁਣਾ ਕਿੱਥੇ ਨੇ .....

"ਉਹ ਤਾਂ ਉੱਦਣ ਦਾ ਹੀ ਬਚਨੀ ਨੂੰ ਲੈ ਕੇ ਪਤਾ ਨੀਂ ਕਿੱਧਰ ਮਰ ਖਪ ਗਿਆ, ਜਿੱਦਣ ਦਾ ਡਾਕਟਰਾਂ ਨੇ ਉਹਦਾ ਖੂਨ ਲਿਆ ਸੀ।ਪਤਾ ਨੀਂ ਕਿੱਧਰ ਉੱਜੜ ਗਿਆ, ਮੁੜ ਘਰ ਪੈਰ ਨੀਂ ਪਾਇਆ।

" ਹੁਣ ਉਹਨੇ ਘਰ 'ਚ ਪੈਰ ਕੀ ਪਾਉਣੈ .....ਰਾਜੋ ਦੇ ਮੂੰਹੋਂ ਨਿਕਲਿਆ।

" ਥੋਡਾ ਬੇੜਾ ਗਰਕ ਹੋ ਜਾਏ ਜੈ ਖਾਣਿਓਂ ਕਰਨੈਲ ਦੀ ਮਾਂ ਜਿਵੇਂ ਸੁੰਨ ਸਮਾਧੀ 'ਚੋਂ ਵਾਪਿਸ ਪਰਤ ਆਈ, ਜਿਵੇਂ ਹੁਣ ਉਸ ਨੂੰ ਸਾਰੀ ਗੱਲ ਦੀ ਸਮਝ ਆ ਗਈ ਸੀ।

ਰਾਜੋ ਸੋਚ ਰਹੀ ਸੀ " ਮੈਂ ਤਾਂ ਬਥੇਰਾ ਬੋਚ ਬੋਚ ਕਦਮ ਧਰਦੀ ਸੀ। ਤਿਲਕਦੀ ਨੂੰ ਪਤਾ ਹੀ ਨਹੀਂ ਲੱਗਿਆ ਉਸ ਦੀਆਂ ਅੱਖਾਂ 'ਚੋਂ ਝੜੀ ਵਰ ਪਈ।" ਮੈਨੂੰ ਮਰ ਜਾਣ ਦਿਓ। ਕਾਹਨੂੰ ਬਚਾਉਨੇਂ ਓਂ ਮੈਨੂੰ। ਹੁਣ ਬਚ ਵੀ ਕਿੱਥੇ ਸਕਦੀ ਹਾਂ। ਤਿਲ ਤਿਲ ਹੋ ਕੇ ਮਰਨ ਨਾਲੋਂ " ਕੁੜੀਏ ਦੇਖ ਮੁੰਡਾ ਕਿਵੇਂ ਓਦਰਿਆ ਪਿਐ।ਕਰਨੈਲ ਦੇ ਬਾਪੂ ਨੇ ਗੋਦੀ ਚੁੱਕੇ ਬਿੱਟੂ ਨੂੰ ਉਸ ਵੱਲ ਝੁਕਾਇਆ। ਰਾਜੋ ਨੇ ਮੁੰਡੇ ਨੂੰ ਗਲਵੱਕੜੀ 'ਚ ਲੈਣ ਲਈ ਇਕ ਵਾਰ ਤਾਂ ਬਾਹਾਂ ਉਲਾਰੀਆਂ ਪਰ ਫਿਰ ਦੋਹਾਂ ਹੱਥਾਂ ਨਾਲ ਦੂਰ ਰਹਿਣ ਦਾ ਇਸ਼ਾਰਾ ਕਰਦੀ ਚੀਖ਼ ਪਈ । ਨਾ ਬਾਪੂ ਜੀ ਨਾ, ਇਹਨੂੰ ਮੇਰੇ ਨੇੜੇ ਨਾ ਕਰਿਓ। ਇਹਦੇ ਤੇ ਪਰਛਾਵਾਂ ਵੀ ਨਾ ਪੈਣ ਦਿਓ ਮੇਰਾ। ਮੈਂ ਇਹਦੀ ਗੁਨਾਹਗਾਰ ਹਾਂ ਬੱਸ ਹੁਣ ਇਸਨੂੰ

ਉਸ ਦੀ ਆਵਾਜ਼ ਡੂੰਘੇ ਖੂਹ ਵਿੱਚੋਂ ਆ ਰਹੀ ਸੀ।

ਪਿੰਡ ਤੇ ਡਾ. ਰਾਮਪੁਰ ਜ਼ਿਲ੍ਹਾ ਲੁਧਿਆਣਾ

ਮੋ. 99156-34722

◆◆◆



# ਕਾਵਿ ਸੰਸਾਰ

## ਕੈਸੇ ਕੈਸੇ ਮੱਤਦਾਨ ਹੋਣ ਲੱਗੇ

**ਪ੍ਰੋ. ਕੁਲਵੰਤ ਔਜਲਾ**

ਦੇਖ ਮੌਲਾ ਤੇਰੀ ਦੁਨੀਆਂ ਵਿੱਚ ਕੈਸੇ ਕੈਸੇ ਮੱਤਦਾਨ ਹੋਣ ਲੱਗੇ
ਚੰਗੇ ਭਲੇ ਆਦਮੀ ਹਿੰਦੂ ਸਿੱਖ ਇਸਾਈ ਮੁਸਲਮਾਨ ਹੋਣ ਲੱਗੇ
ਵੱਡੇ ਵੱਡੇ ਮੋਟੇ-ਮੋਟੇ ਲਾਰਿਆਂ ਦਾ ਹੜ੍ਹ ਆਇਆ ਹਰ ਪਾਸੇ
ਮੁਕਾਬਲੇ ਦੀ ਪ੍ਰੀਖਿਆ ਦੇ ਜਿਵੇਂ ਆਖ਼ਰੀ ਇਮਤਿਹਾਨ ਹੋਣ ਲੱਗੇ
ਬਹੁਭਾਂਤੀ ਨਸ਼ਿਆਂ ਦੀ ਪਿੰਡ ਪਿੰਡ ਸ਼ਹਿਰ ਸ਼ਹਿਰ ਸਪਲਾਈ
ਗੂੰਗੇ ਬੋਲੇ ਅੰਨ੍ਹੇ ਤੇ ਅਪਾਹਜ ਦੀਨ ਤੇ ਇਮਾਨ ਹੋਣ ਲੱਗੇ
ਸਾਂਝਾਂ, ਸੁਰਾਂ, ਸੁਪਨੇ ਤੇ ਸਵਾਸ ਵਿਭਾਜਤ ਹੋਏ ਫਿਰਨ
ਪੁੱਤ ਭਤੀਜਿਆਂ, ਭਾਣਜਿਆਂ ਤੇ ਭਰਾਵਾਂ ਦਰਮਿਆਨ ਹੋਣ ਲੱਗੇ
ਲਾਰਿਆਂ, ਲਲਕਾਰਿਆਂ ਤੇ ਫੁੰਕਾਰਿਆਂ ਦਾ ਸੁਣ ਸੁਣ ਕੇ ਸ਼ੋਰ
ਬੋਲ ਨਜ਼ਮਾਂ ਤੇ ਨਗ਼ਮਿਆਂ ਦੇ ਹੈਰਾਨ ਤੇ ਪਰੇਸ਼ਾਨ ਹੋਣ ਲੱਗੇ
ਮੱਥੇ ਫੜ ਫੜਕੇ ਕਲਮਾਂ, ਕਿਤਾਬਾਂ ਤੇ ਕਵਿਤਾਵਾਂ ਸੋਚਣ
ਕਿਉਂ ਅਸਤ ਹੋ ਗਏ ਸੂਰਜ, ਕਿਉਂ ਧੁੰਦਲੇ ਅਸਮਾਨ ਹੋਣ ਲੱਗੇ
ਪੇਡ ਖ਼ਬਰਾਂ, ਪੇਡ ਇਸ਼ਤਿਹਾਰ, ਪੇਡ ਚੈਨਲ, ਪੇਡ ਵੋਟਰ
ਵਿਕਣ ਲਈ ਕਾਹਲੇ ਹੈਵਾਨ, ਸ਼ੈਤਾਨ ਤੇ ਇਨਸਾਨ ਹੋਣ ਲੱਗੇ
ਸੱਤਾ ਦੇ ਦਲਾਲਾਂ ਨੇ ਲੀਰਾਂ-ਲੀਰਾਂ ਕਰ ਦਿੱਤਾ ਗੁਲਿਸਤਾਨ
ਉਜੜੇਗੀ ਹਰ ਹਾਲਤ ਸਰਹਿੰਦ ਅਜਿਹੇ ਅਨੁਮਾਨ ਹੋਣ ਲੱਗੇ
ਕੋਈ ਮਾਡਲ, ਕੋਈ ਮੈਪ, ਕੋਈ ਵੀਹ-ਵੀਹ ਗਰੰਟੀਆਂ ਵੰਡੇ
ਪੱਬਾਂ ਭਾਰ, ਤਸਕਰ, ਨਸ਼ਈ ਤੇ ਬੇਈਮਾਨ ਹੋਣ ਲੱਗੇ
ਜੋ ਜੱਦੀ ਪੁਸ਼ਤੀ ਪੰਜੇ ਸਨ ਉਹ ਅਚਾਨਕ ਝਾੜੂ ਹੋ ਗਏ
ਜੋ ਖ਼ਾਨਦਾਨੀ ਤਕੜੀ ਸਨ ਉਹ ਝਟਪਟ ਕਮਲ ਨਿਸ਼ਾਨ ਹੋਣ ਲੱਗੇ
ਦੇਖ ਬਾਜਾਂ ਵਾਲਿਆਂ ਦੇਖ ਆ ਕੇ ਪੰਜਾਬ ਜ਼ਰਾ ਆਪਣਾ

**ਪ੍ਰੋ. ਕੁਲਵੰਤ ਔਜਲਾ**

◆◆◆

## ਨਵੇਂ ਵਰ੍ਹੇ ਦੇ ਬੂਹੇ ਦਸਤਕ ਦਿੰਦਿਆਂ

**ਸੁਰਿੰਦਰ ਮਕਸੂਦਪੁਰੀ**

ਨਵੇਂ ਵਰ੍ਹੇ ਦੀ ਆਮਦ 'ਤੇ
ਡਾਕੀਆ ਜੋ ਕਦੇ ਸੁੱਟ ਜਾਂਦਾ ਸੀ
ਮੇਰੇ ਬੂਹੇ ਦੀ ਸਰਦਲ 'ਤੇ

ਮਿੱਤਰਾਂ-ਪਿਆਰਿਆਂ
ਸੱਜਣਾ-ਸਨੇਹੀਆਂ ਦੇ
ਨੀਲੇ, ਪੀਲੇ, ਚਿੱਟੇ ਤੇ ਹਰੇ ਖ਼ਤ
ਖ਼ੁਸ਼ੀਆਂ ਖੇੜਿਆਂ ਲਈ ਕਾਮਨਾ ਕਰਦੇ
ਰੰਗ-ਬਰੰਗੇ ਚਿੱਤਰਾਂ ਵਾਲੇ ਗਰੀਟਿੰਗ ਕਾਰਡ
ਜਿਨ੍ਹਾਂ ਵਿੱਚ ਅਕਸਰ ਹੁੰਦੇ ਸਨ
ਲੇਖਕਾਂ/ਦੋਸਤਾਂ/ਪਾਠਕਾਂ ਦੇ
ਮੋਹ ਭਿੱਜੇ ਸ਼ਬਦਾਂ ਦੇ ਮਿੱਠੜੇ/ਕੌੜੇ ਪ੍ਰੀਤਕਰਮ
ਕੁਝ ਸਵਾਰਥੀ ਰਿਸ਼ਤਿਆਂ ਦੇ
ਰਸਮੀਂ ਜੇਹੇ ਬੋਲ-ਰਸਮੀਂ ਜੇਹੀਆਂ ਦੁਆਵਾਂ

ਅੱਜ ਵੀ ਗੁਜ਼ਰ ਗਿਆ ਹੈ ਡਾਕੀਆ ਬੂਹੇ ਮੂਹਰਿਓਂ
ਨਵੇਂ ਵਰ੍ਹੇ ਦੀ ਡਾਕ ਤੋਂ ਸੱਖ਼ਣਾ ਖਾਲੀ-ਖਾਲੀ
ਸਮੇਂ ਦੀ ਸੂਈ ਵਾਂਗ ਬਿਨਾਂ ਰੁਕੇ
ਸਾਈਕਲ ਦੀ ਘੰਟੀ ਵਜਾਉਂਦਾ
ਬੀਤੇ ਦੀ ਯਾਦ ਦੁਹਰਾਉਂਦਾ
ਰੇਤ ਵਾਂਗ ਹੱਥੋਂ ਕਿਰ ਗਏ ਵਰ੍ਹੇ ਦੀਆਂ
ਖ਼ੁਸ਼ੀਆਂ-ਗ਼ਮੀਆਂ ਦਾ ਲੇਖਾ-ਜੋਖ਼ਾ ਕਰਦਿਆਂ
ਆਣ ਦਸਤਕ ਦੇਂਦੀ ਹੈ
ਨਵੇਂ ਸਾਲ ਦੀ ਨਵੀਂ ਸਵੇਰ

ਕੁਝ ਨਵਾਂ ਜਾਨਣ ਲਈ
ਸਮੇਂ ਦੀ ਨਬਜ਼ ਪਛਾਨਣ ਲਈ
ਵੇਖਦਾ ਹਾਂ ਅੱਜ ਦਾ ਤਾਜ਼ਾ ਅਖ਼ਬਾਰ
ਖੋਜਦਾ ਹਾਂ ਹਰ ਸ਼ਬਦ 'ਚੋਂ, ਹਰ ਖ਼ਬਰ 'ਚੋਂ
ਨਵੇਂ ਮੀਲ-ਪੱਥਰ- ਨਵੇਂ ਮਾਪਦੰਡ
ਨਿਹਾਰਦਾ ਹਾਂ ਬੀਤੇ ਦੀਆਂ ਪ੍ਰਾਪਤੀਆਂ
ਤੇ ਅਪ੍ਰਾਪਤੀਆਂ ਦਾ ਸਿਲਸਿਲਾ
ਪੜ੍ਹਦਾ ਹਾਂ ਅਖ਼ਬਾਰ ਦੇ ਨਾਜ਼ੁਕ ਸਫ਼ਿਆਂ 'ਚੋਂ
ਦਿਲ ਕੰਬਾਊ ਹਾਦਸਿਆਂ ਦੀ ਵੇਦਨਾ
ਲਹੂ ਰੰਗੀਆਂ ਸੁਰਖੀਆਂ
ਘਟਨਾਵਾਂ ਅਣਸੁਖਾਵੀਂਆਂ
ਮਨੁੱਖ ਦੀਆਂ ਮਨੁੱਖ ਲਈ
ਗੈਰ ਮਨੁੱਖੀ ਹਰਕਤਾਂ

ਵਿਚਾਰਦਾ ਹਾਂ



ਗੁਰੂ ਨਾਨਕ ਸਾਹਿਬ ਦੇ ਮਹਾਂਵਾਕ
'ਸਚਹੁ ਓਰੈ ਸਭ ਕਉ ਉਪਰਿ ਸਚੁ ਆਚਾਰੁ॥'
ਦੇ ਸਦੀਵੀ ਸੱਚ ਨੂੰ ਵਿਸਾਰਦਿਆਂ
ਕਲਯੁੱਗੀ/ਪਾਖੰਡੀ ਸਾਧੂਆਂ/ਬਾਬਿਆਂ ਦੀਆਂ
ਸ਼ਰਮਨਾਕ ਕਾਲੀਆਂ ਕਰਤੂਤਾਂ
ਖ਼ੁਦਕੁਸ਼ੀਆਂ/ਬਲਾਤਕਾਰੀਆਂ/ਰਿਸ਼ਵਤਖ਼ੋਰੀਆਂ
ਘਪਲੇ-ਘੁਟਾਲੇ, ਪ੍ਰਦੂਸ਼ਣ ਦਾ ਪ੍ਰਕੋਪ
ਤੇ ਆਰਥਿਕ ਲੁੱਟ-ਖਸੁੱਟ ਦਾ ਬੋਲਬਾਲਾ

ਹੁਣ ਮੈਂ ਕਰਦਾ ਹਾਂ ਦੁਆਵਾਂ
ਸ੍ਰਿਸ਼ਟੀ ਦੇ ਸਿਰਜਣਹਾਰ ਸੱਚੇ ਰੱਬ ਦੇ ਰੂਬਰੂ
ਕਿ ਬਖ਼ਸ਼ ਦੇਵੇ ਉਹ ਸੁਮੱਤ
ਆਪਣੀ ਸਿਰਜੀ ਸਿਰਜਣਾ ਨੂੰ ਅੱਜ
ਸਿਖਾ ਦੇਵੇ ਉਹ ਭੁੱਲੇ ਭਟਕਿਆਂ ਨੂੰ
ਇਨਸਾਨੀਅਤ ਦੇ ਅਰਥ
ਬਣਾ ਦੇਵੇ ਉਹ ਹੈਵਾਨ ਨੂੰ
ਇਨਸਾਨ ਹੋਣ ਦੇ ਸਮਰੱਥ!

ਤੇ ਫਿਰ
ਚੌਪਾਸੀਂ ਛਾਏ ਕੁਕਰਮਾਂ ਦੇ ਕਾਲੇ ਹਨ੍ਹੇਰਿਆਂ 'ਚੋਂ
ਰੌਸ਼ਨ ਸਵੇਰਿਆਂ ਦੀ ਭਾਲ ਕਰਦਾ
ਪਲ-ਪਲ ਜਿਉਂਦਾ, ਪਲ-ਪਲ ਮਰਦਾ
ਹਾਦਸਿਆਂ ਦਾ ਸਫ਼ਰ ਹੰਢਾਉਂਦਾ
ਆਖਦਾ ਹਾਂ
ਬੀਤੇ ਵਰ੍ਹੇ ਨੂੰ ਅਲਵਿਦਾ
ਨਵੇਂ ਵਰ੍ਹੇ ਨੂੰ ਖ਼ੁਸ਼ਆਮਦੀਦ!

-234, **ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ**-144021
**ਮੋਬਾਈਲ** : 99887-10234

◆◆◆

## ਦੋਹਾਂ ਪਿੰਡਾਂ ਦੀ ਇਕ ਸੜਕ

**ਸੁਖਦੇਵ ਸਿੱਧੂ**

ਸਾਡੇ ਦੋ ਪਿੰਡਾਂ ਦੀ ਇਕ ਸੜਕ ਸੀ ਵੰਡਤੀ ਅੱਧ ਵਿਚਕਾਰ,
ਇਹਦੀ ਵੀ ਇੱਕ ਅਜੀਬ ਕਹਾਣੀ ਪ੍ਰਕਿਰਿਆ 'ਚੋਂ ਬਾਹਰ।
ਕਈ ਦਹਾਕਿਆਂ ਭੂਮੀਗਤ ਰਿਹੈ ਇੱਟਾਂ ਚਿਣਿਆਂ ਰਸਤਾ,

ਰੇਤੇ ਵਿੱਚ ਪੈਰ ਸੀ ਧਸਦੇ, ਲੋਕੀਂ ਹੁੰਦੇ ਖੱਜਲ ਖੁਆਰ।
ਪੰਜੇ ਵਾਲਾ ਗਹਿਰੀਲਾ ਨੇਤਾ ਸਾਡੇ ਪਿੰਡ ਉਦੋਂ ਹੀ ਆਇਆ,
ਬੇਰੀ ਸਾਹਿਬ ਗੁਰਦੁਆਰੇ ਤੱਕ, ਮੈਥੋਂ ਬਜ਼ਰੀ ਲੁੱਕ ਤਿਆਰ।
ਲਹਿੰਦੇ ਕੰਨੀਂ ਮੁਹਤਬਰਾਂ ਨੇ ਐਸਾ ਵੱਡਾ ਬੀੜਾ ਚੁੱਕਿਆ,
ਬੱਤੀ ਫੁੱਟ ਦਾ ਮਾਰਗ ਕੱਢ ਕੇ ਫਿਰ ਲੀਕਾਂ ਦਿੱਤੀਆਂ ਮਾਰ।
ਚੜ੍ਹਦੇ ਵਾਲੇ ਵੀ ਕਿਹੜਾ ਘੱਟ ਸਨ, ਪਿੰਡ 'ਚੋਂ ਮੰਗ ਪਵਾਈ,
ਆਪਣੀ ਹੱਦ ਤਾਈਂ ਵਾਹੋਦਾਰੀ ਮਿਲ ਆਏ ਸਾਰਾ ਕੰਮ ਸਵਾਰ।
ਇੱਕ ਧਿਰ ਕਹਿੰਦੀ ਦੂਈ ਤਾਈਂ ਧਰ ਲੈ ਹੁਣ ਜਿਗਰਾ ਭੈਣੇ,

◆◆◆

## ਵਕਤ ਦੀ ਆਵਾਜ਼

**ਹਰਭਜਨ ਸਿੰਘ ਖੇਮਕਰਨੀ**

ਵਕਤ ਦੀ ਆਵਾਜ਼ ਸੁਣ
ਕੰਨਾਂ 'ਤੇ ਕਰ ਵਿਸ਼ਵਾਸ
ਅਣਕਹੀਆਂ ਗੱਲਾਂ ਸੁਣਨਾ
ਕਹੀਆਂ ਗੱਲਾਂ ਤੋਂ ਔਖਾ ਹੁੰਦੈ
ਇਹ ਵੀ ਸੋਚ ਏ
ਕਿ ਬੀਤੇ ਸਮੇਂ ਦੀ ਪੈੜ
ਆਉਣ ਵਾਲੇ ਸਮੇਂ ਲਈ
ਪ੍ਰੇਰਣਾ-ਸ੍ਰੋਤ ਬਣਦੀ ਏ।
ਵਕਤ ਦੀ ਆਵਾਜ਼ ਸੁਣ
ਸੁਰੀਲੀ ਨਹੀਂ ਏ ਤਾਂ ਨਾ ਸਹੀ
ਸ਼ਬਦ ਜ਼ਰੂਰ ਝੰਜੋੜਣਗੇ
ਚੇਤਨ ਵੀ ਕਰਨਗੇ
ਬੋਲੇ ਹੋਣ ਦਾ ਬਹਾਨਾ
ਜੱਗ ਜ਼ਾਹਰ ਹੋ ਜਾਇਆ ਕਰਦੈ।
ਵਕਤ ਦੀ ਆਵਾਜ਼ ਸੁਣ
ਘਾਟੀ ਵਿੱਚ ਗੂੰਜ ਦੀ ਆਵਾਜ਼
ਉਹੀ ਕੁਝ ਬੋਲਦੀ ਏ
ਜਿਹੋ ਜਿਹੀ ਸੁਣਦੀ ਏ
ਸੱਚ ਦੀ ਗੂੰਜ ਕਦੇ ਵੀ ਝੂਠੀ ਨਹੀਂ ਹੋਇਆ ਕਰਦੀ।

ਵਕਤ ਦੀ ਆਵਾਜ਼
ਸ਼ੁਭ ਕਰਮਨ ਦਾ ਸੁਨੇਹਾ
ਥੱਪ-ਥਪਾ ਰਿਹੈ ਤੇਰੇ ਬੂਹੇ
ਚੇਤਨ ਹੋ ਤੇ ਸੋਚ



ਬੀਤਿਆ ਆਧਾਰ ਹੁੰਦੈ
ਵਰਤਮਾਨ ਸਾਕਾਰ ਹੁੰਦੈ।

**4381-ਏ, ਰਣਜੀਤਪੁਰਾ**
**ਪੁਤਲੀਘਰ, ਅੰਮ੍ਰਿਤਸਰ**-143002

◆◆◆

## ਅੰਨ੍ਹੀ ਦੌੜ

**ਪ੍ਰਿੰ. ਨਵਰਾਹੀ ਘੁਗਿਆਣਵੀ**

ਅੰਨ੍ਹੀ ਟਕੇ ਦੀ ਦੌੜ ਨੇ ਜੱਗ ਸਾਰਾ,
ਪੁੱਠੇ ਚੱਕਰਾਂ ਵਿੱਚ ਉਲਝਾਇਆ ਸੂ
ਰਿਸ਼ਤੇ ਨਾਤਿਆਂ ਵਿੱਚ ਤ੍ਰੇੜ ਆਈ,
ਹਰ ਥਾਂ ਕੂੜ ਤੇ ਕਹਿਰ ਕਮਾਇਆ ਸੂ
ਰੂਪਵੰਤ ਨੇ ਰੂਪ ਦੀ ਹੱਟ ਪਾਈ,
ਹਰ ਦਿਲਦਾਰ ਨੂੰ ਗਾਹਕ ਬਣਾਇਆ ਸੂ
ਦੇਖ ਦੇਖ ਕੇ ਹੋਛੀਆਂ ਹਰਕਤਾਂ ਨੂੰ,
ਮੇਰਾ ਚਿੱਤ ਰਤਾ ਘਬਰਾਇਆ ਸੀ।

**ਨਹਿਰ ਨਜ਼ਾਰਾ, ਨਵਾ ਹਰਿੰਦਰ ਨਗਰ**
**ਫਰੀਦਕੋਟ**-151203
**ਮੋਬਾਇਲ**, 98150-02302

◆◆◆

## ਪਿਆਰ

**ਸੰਦੀਪ ਕੁਮਾਰ ਦਰਦੀ**

ਰਾਂਝਾ ਬਣ ਕੇ ਕੰਨਾਂ ਵਿੱਚ ਮੁੰਦਰਾਂ ਪਾ ਲੈਣਾ ਹੀ ਪਿਆਰ ਨਹੀਂ ਹੁੰਦਾ,
ਵਤਨ ਦੀ ਖ਼ਾਤਿਰ ਫਾਂਸੀ ਵਾਲਾ ਫੰਦਾ ਗੱਲ ਵਿੱਚ ਪਾਉਣਾ ਵੀ ਪਿਆਰ ਹੁੰਦਾ ਹੈ।

ਸੋਹਣੀ ਨੂੰ ਪੱਟ ਕੇ ਕਬਾਬ ਖੁਆਉਣਾ ਹੀ ਪਿਆਰ ਨਹੀਂ ਹੁੰਦਾ,
ਲੋਕਾਂ ਦੀ ਖਾਤਰ ਬੰਦ ਬੰਦ ਕਟਾਉਣਾ ਵੀ ਪਿਆਰ ਹੁੰਦਾ ਹੈ।

ਮਿਰਜ਼ੇ ਵਾਂਗੂੰ ਸਾਹਿਬਾਂ ਲਈ ਮਰਨਾ ਹੀ ਪਿਆਰ ਨਹੀਂ ਹੁੰਦਾ,
ਹੱਕਾਂ ਦੀ ਖਾਤਿਰ ਸੂਲੀ ਤੇ ਚੜ੍ਹਨਾ ਵੀ ਪਿਆਰ ਹੁੰਦਾ ਹੈ।

ਸੱਸੀ ਵਾਂਗ ਤੱਤੀ ਰੇਤ 'ਚ ਸੜਨਾ ਹੀ ਪਿਆਰ ਨਹੀਂ ਹੁੰਦਾ,
ਵਤਨ ਲੀ ਜੇਲਾਂ ਵਿੱਚ ਭੁੱਖੇ ਮਰਨਾ ਵੀ ਪਿਆਰ ਹੁੰਦਾ ਹੈ।

ਮੋੜਾਂ ਤੇ ਖੜਨਾ ਤੇ ਗੇੜੀ ਲਾਉਣਾ ਹੀ ਪਿਆਰ ਨਹੀਂ ਹੁੰਦਾ,
ਵਤਨ ਦੀ ਖਾਤਿਰ ਖ਼ੂਨ ਵਹਾਉਣਾ ਵੀ ਪਿਆਰ ਹੁੰਦਾ ਹੈ।

ਕਿਸੇ ਔਰਤ ਦੇ ਜਿਸਮ ਨੂੰ ਤਰਾਸ਼ ਕੇ ਵੇਖਣਾ ਹੀ ਪਿਆਰ ਨਹੀਂ ਹੁੰਦਾ,
ਉਸ ਦੀ ਇੱਜ਼ਤ ਕਰਨਾ ਤੇ ਇੱਜ਼ਤ ਬਚਾਉਣਾ ਵੀ ਪਿਆਰ ਹੁੰਦਾ ਹੈ।

ਇਸ ਵਿੱਚ ਖੁਦਕੁਸ਼ੀ ਕਰਨਾ ਹੀ ਪਿਆਰ ਨਹੀਂ ਹੁੰਦਾ,
ਲੋੜ ਪੈਣ ਤੇ ਤੋਪਾਂ ਅੱਗੇ ਖੜਨਾ ਵੀ ਪਿਆਰ ਹੁੰਦਾ ਹੈ।

ਇਹਨਾਂ ਪਿਆਰਾਂ ਵਿੱਚ ਦਰਦੀ ਇੰਨਾਂ ਹੀ ਫ਼ਰਕ ਹੁੰਦਾ ਹੈ,
ਇੱਕ ਪਿਆਰ ਇੱਕ ਦੇ ਨਾਲ ਤੇ ਦੂਜਾ ਪਿਆਰ ਲੋਕਾਈ ਦੇ ਨਾਲ ਹੁੰਦਾ ਹੈ।

◆◆◆

# .ਗਜ਼ਲ ਸੱਥ

## ਚਾਰ ਪਲ

**ਡਾ. ਜਸਵੰਤ ਬੇਗੋਵਾਲ**

(**ਉਲਫ਼ਤ ਬਾਜਵਾ ਦੀ ਯਾਦ ਨੂੰ ਸਮਰਪਿਤ**)

ਇਸ ਨਗਰ ਵਿਚ ਜ਼ਿੰਦਗੀ ਦੇ ਜੋ ਬਿਤਾਏ ਚਾਰ ਪਲ।
ਰੋ ਪਿਆ ਦਿਲ ਜਦ ਕਦੇ ਵੀ ਯਾਦ ਆਏ ਚਾਰ ਪਲ।

ਹੁਣ ਉਨ੍ਹਾਂ ਦੀ ਯਾਦ ਅੰਮ੍ਰਿਤ ਵਾਂਗ ਮਿੱਠੀ ਹੋ ਗਈ,
ਜ਼ਹਿਰ ਵਾਂਗੂੰ ਜੋ ਕਦੇ ਸੰਘੋਂ ਲੰਘਾਏ ਚਾਰ ਪਲ।

ਕੀ ਪਤਾ ਗ਼ੈਰਾਂ ਦੇ ਦਿਲ ਤੇ ਕੀ ਗੁਜ਼ਰਦੀ ਹੋਏਗੀ,
ਕੋਲ ਮੇਰੇ ਬਹਿ ਕੇ ਜਦ ਉਹ ਮੁਸਕਰਾਏ ਚਾਰ ਪਲ।

ਅਹਿਣ ਤੇਰੇ ਕਹਿਰ ਦੀ ਝੱਟ ਆ ਪਈ ਅਸਮਾਨ ਤੋਂ,
ਖੇਤ ਖੁਸ਼ੀਆਂ ਦੇ ਅਜੇ ਸਨ ਲਹਿਲਹਾਏ ਚਾਰ ਪਲ।

ਕਟ ਰਹੇ ਹਾਂ ਹੁਣ ਉਦਾਸੀ ਦੇ ਹਨੇਰੇ ਪਲ ਅਸੀਂ,
ਵਕਤ ਸੀ ਜਦ ਵਾਂਗ ਜੁਗਨੂੰ ਟਿਮਟਿਮਾਏ ਚਾਰ ਪਲ।

ਚਾਨਚਕ ਹੀ ਬਾਜ ਕਾਲਾ ਵਕਤ ਦਾ ਆ ਝਪਟਿਆ,
ਜਦ ਅਸੀਂ ਚਿੜੀਆਂ ਦੇ ਵਾਂਗੂੰ ਚਹਿਚਹਾਏ ਚਾਰ ਪਲ।

ਸ਼ਹਿਰ ਤੇਰੇ ਵਿਚ ਕਦਰ ਹੋਈ ਉਨ੍ਹਾਂ ਦੀ ਨਾ ਜ਼ਰਾ,
ਪਿਆਰ ਲੇਖੇ ਜੋ ਅਸੀਂ ਲਾਏ, ਗਵਾਏ ਚਾਰ ਪਲ।

ਝਟ ਕੁਰਾਹੇ ਤੋਂ ਸਹੀ ਰਾਹ ਸਾਨੂੰ ਪਾਉਂਦੇ ਸੀ ਤੁਸੀਂ
ਜ਼ਿੰਦਗੀ ਵਿਚ ਜਦ ਕਦੇ ਵੀ ਡਗਮਗਾਏ ਚਾਰ ਪਲ।

◆◆◆



## ਪ੍ਰੋ. ਗੁਰਭਜਨ ਗਿੱਲ

ਛਾਂਗੇ ਰੁੱਖ ਦੀ ਟੀਸੀ ਬਹਿ ਕੇ, ਸੁਣ ਲਓ ਕੀ ਕੁਝ ਮੋਰ ਬੋਲਦਾ।
ਕੱਲ ਮੁ ਕੱਲ੍ਹਾ ਮੁੱਕ ਨਾ ਜਾਵਾਂ, ਆਪਣੇ ਵਰਗੇ ਹੋਰ ਟੋਲਦਾ।
ਸੱਤ ਰੰਗ ਅਸਮਾਨ ਦੀ ਲੀਲ੍ਹਾ, ਖੰਭਾਂ ਅੰਦਰ ਸਗਲ ਸਮੋਈ,
ਮੋਰਨੀਆਂ ਬਿਨ ਦੱਸੋ ਕਿਸਰਾਂ ਦਿਲ ਦੇ ਗੁੱਝੇ ਭੇਤ ਖੋਲ੍ਹਦਾ।
ਰੂਹ ਤੇ ਭਾਰ ਪਿਆਂ ਤੇ ਅਥਰੂ, ਵਹਿਣ ਪਏ ਦਰਿਆ ਦੇ ਵਾਂਗੂੰ,
ਦਿਲ ਦੇ ਵਰਕੇ ਪੀੜ ਪਰੁੱਚੇ, ਤੇਰੇ ਤੋਂ ਬਿਨ ਕੌਣ ਫ਼ੋਲਦਾ।
ਮਨ ਦੇ ਮਹਿਰਮ ਯਾਰ ਬਿਨਾ ਦੱਸ, ਕਿਹੜਾ ਵੈਦ ਨਿਵਾਰੇ ਮਰਜ਼ਾਂ,
ਸਾਹਾਂ ਦੀ ਮਾਲਾ ਦੇ ਮਣਕੇ, ਥਿੜਕ ਰਹੇ ਤੇ ਚਿੱਤ ਡੋਲਦਾ।
ਤੂੰ ਪੁੱਛਿਐ ਕਿ ਮੇਰੇ ਮਗਰੋਂ, ਮਨ ਤੇਰੇ ਦੀ ਹਾਲਤ ਕੈਸੀ,
ਦਰਦਾਂ ਵਾਲੀ ਗਠੜੀ ਨੂੰ ਮੈਂ, ਤੱਕੜੀ ਦੇ ਵਿੱਚ ਕਿਵੇਂ ਤੋਲਦਾ।
ਸਾਰੀ ਧਰਤ ਵੈਰਾਗਣ ਹੋ ਗਈ, ਪੂਰਨ ਪੁੱਤ ਬਰੋਟਿਆਂ ਮਗਰੋਂ,
ਛਾਵਾਂ ਲੱਭਦੀਆਂ ਮਾਵਾਂ ਇੱਛਰਾਂ, ਪਾਰੇ ਵਾਂਗੂੰ ਚਿੱਤ ਡੋਲਦਾ।
ਬਹੁਤਾ ਉੱਚੀ ਬੋਲ ਬੋਲ ਕੇ, ਜੋ ਕੰਨਾਂ ਦੇ ਦਰ ਖੜਕਾਵੇ,
ਅੰਦਰੋਂ ਬਾਹਰੋਂ ਖਾਲਮ ਖ਼ਾਲੀ, ਭੇਤੀ ਹਾਂ ਮੈਂ ਏਸ ਢੋਲ ਦਾ।

**ਸੰਪਰਕ 98726-31199**

◆◆◆

## ਦੇਸ਼ ਵੰਡ ਨੂੰ ਸਮਰਪਿਤ

**ਪ੍ਰੋ. ਜਸਵੰਤ ਸਿੰਘ ਕੈਲਵੀ**

ਭਰੇ ਹੌਂਕੇ ਹਵਾਵਾਂ ਨੇ ਉਦੋਂ ਸੀ ਡਰ ਗਏ ਪਾਣੀ
ਧਰਾ ਜਦ ਖ਼ੂਨ ਵਿੱਚ ਭਿੱਜੀ ਤਾਂ ਰੋ ਰੋ ਮਰ ਗਏ ਪਾਣੀ

ਖ਼ੁਦਾਈ ਕਹਿਰ ਜਦ ਟੁੱਟਾ ਉਦੋਂ ਦੀ ਬਾਤ ਪਾਵਾ ਮੈਂ
ਅਦਲ ਦੀ ਲਾਸ਼ ਨੂੰ ਚੁੱਕ ਕੇ ਦਰਾਂ ਤੇ ਧਰ ਗਏ ਪਾਣੀ।

ਕਿਸੇ ਦਾ ਮਰ ਗਿਆ ਰਾਂਝਾ- ਕਿਸੇ ਦੀ ਹੀਰ ਸੀ ਮੋਈ
ਕਿਸੇ ਦਾ ਵੱਢਿਆ ਪੁੱਤਰ, ਖ਼ੁਦਾ ! ਕੀ ਕਰ ਗਏ ਪਾਣੀ ?

ਉਧਾਲੇ, ਜ਼ੁਮ ਜਦ ਹੋਏ ਬਹੂ ਤੇ ਬੇਟੀਆਂ ਉੱਤੇ
ਲਹੂ ਡੁੱਲ੍ਹਿਆ ਮਾਸੂਮਾਂ ਦਾ ਕਿਵੇਂ ਇਹ ਜਰ ਗਏ ਪਾਣੀ ?

ਸੁਣੀ ਜਦ ਚੀਕ ਅਬਲਾ ਦੀ ਉਦੋਂ ਨਾ ਪਾਟਿਆ ਅੰਬਰ
ਧੁਲੇ ਨਾ ਖ਼ੂਨ ਦੇ ਧੱਬੇ-ਅਸਾਡੇ ਹਰ ਗਏ ਪਾਣੀ!

ਖਿਲਾਰੇ ਬੀਜ ਨਫ਼ਰਤ ਦੇ ਜਿਨ੍ਹਾਂ ਨੇ ਦੇਸ਼ ਦੇ ਅੰਦਰ,
ਹਨ੍ਹੇਰੇ ਧਰ ਗਏ ਪਲਕੀਂ ਤੇ ਨੈਣੀਂ ਭਰ ਗਏ ਪਾਣੀ!

ਕਿਵੇਂ ਹੁਣ ਕੈਲਵੀ ਦੱਸੇ ? ਕਹਾਣੀ ਵੰਡ ਦੀ ਯਾਰੋ ?

ਕਲੇਜਾ ਛਾਨਣੀ ਉਸਦਾ ਤੇ ਸੁਪਨੇ ਚਰ ਗਏ ਪਾਣੀ।

**98783-81474**

◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ

ਸਭ ਕੁਝ ਛੱਡ-ਛੁਡਾ ਕੇ ਆਏ ਹਾਂ।
ਰੋਸੇ-ਰੰਜ ਭੁਲਾ ਕੇ ਆਏ ਹਾਂ।
ਹਰ ਕੋਈ ਡੰਗ ਚਲਾਵੇ ਇਥੇ,
ਸੱਜਣ ਵੀ ਅਜਮਾ ਆਏ ਹਾਂ।
ਚਾਹਤ ਨਹੀਂ ਕੋਈ ਆਵੇ ਪਿੱਛੇ,
ਪੈੜਾਂ ਸਭ ਮਿਟਾ ਆਏ ਹਾਂ।
ਜਿਹੜਾ ਨਾਂ ਸੀ ਮੁੜ-ਮੁੜ ਜਪਦੇ,
ਨਾਂ 'ਤੇ ਕਾਟਾ ਵਾਹ ਆਏ ਹਾਂ।
ਹੁਣ ਚਾਨਣ ਦੀ ਲੋੜ ਰਹੀ ਨਾ,
ਇਸ ਲਈ ਦੀਪ ਬੁਝਾ ਆਏ ਹਾਂ।
ਉਸ ਰਾਹੀਂ ਮੁੜ ਪੈਰ ਨਾ ਪਾਉਣੇ,
ਚੱਲ ਕੇ ਜਿਹੜੇ ਰਾਹ ਆਏ ਹਾਂ।
ਸਾਡਾ ਵੀ ਕੋਈ ਆਪਣਾ ਹੋਵੇ,
ਇਹ ਵੀ ਰੀਝ ਮੁਕਾ ਆਏ ਹਾਂ।
ਹਸਰਤ ਮਰ ਗਈ ਹੋਣ-ਬੀਨ ਦੀ,
ਤਾਜ ਬਣਾਇਆ ਢਾਹ ਆਏ ਹਾਂ।
ਸਾਰ ਸੁਲਗਦੇ ਸ਼ਬਦਾਂ ਦਾ ਇਕ,
ਲਿਖ ਕੇ ਨਗਮਾ ਗਾ ਆਏ ਹਾਂ।
ਮਿਲੀ ਨਾ ਖ਼ੈਰ ਮੁਹੱਬਤ ਵਾਲੀ,
ਨਗਰੀ ਸਾਰੀ ਗਾਹ ਆਏ ਹਾਂ।
'ਪਾਰਸ' ਸ਼ਹਿਰ ਮੁਬਾਰਕ ਤੈਨੂੰ,
ਅੰਤਿਮ ਫ਼ਤਿਹ ਬੁਲਾ ਆਏ ਹਾਂ।

**ਮਕਾਨ ਨੰ. 394, ਸੈਕਟਰ43-ਏ**
**ਨਜ਼ਦੀਕ ਕਮਿਊਨਿਟੀ ਸੈਂਟਰ, ਚੰਡੀਗੜ੍ਹ,**

◆◆◆

## ਸਰਦਾਰ ਪੰਛੀ

ਮੇਰੀ ਕੋਸ਼ਿਸ਼ ਜਾਰੀ ਰਹਿਣੀ।
ਗ਼ਜ਼ਲਾਂ ਦੀ ਸਰਦਾਰੀ ਰਹਿਣੀ।

ਜਦ ਤਕ ਮੇਰੀ ਅੱਖ 'ਚ ਹੰਝੂ;
ਇਹ ਵੀ ਝੀਲ ਹੈ ਖਾਰੀ ਰਹਿਣੀ।

ਤਾਜ਼ਾ ਹਵਾ ਮਿਲੇ ਗੀ ਉਸ ਨੂੰ ;
ਜਿਸ ਦੀ ਖੁੱਲ੍ਹੀ ਬਾਰੀ ਰਹਿਣੀ।

ਸਾਰੇ ਢਿੱਡ ਵੀ ਭਰ ਗਏ ਜੇਕਰ ;
ਤਾਂ ਵੀ ਮਾਰਾਮਾਰੀ ਰਹਿਣੀ।

ਲੋੜ ਆਲ੍ਹਣੇ ਦੀ ਹੈ ਜਦ ਤਕ,
ਰੁੱਖਾਂ ਨਾਲ ਹੈ ਯਾਰੀ ਰਹਿਣੀ।

ਅਰਸ਼ ਨੂੰ ਚੰਗੀ ਤਰ੍ਹਾਂ ਪਤਾ ਹੈ,
ਖੰਭਾਂ ਵਿਚ ਉਡਾਰੀ ਰਹਿਣੀ।

ਜੋ ਲਫ਼ਜ਼ਾਂ ਦੇ ਲੜ ਲਗ ਗਈ ਹੈ,
ਉਹ ਨਾ ਕਲਮ ਵਿਚਾਰੀ ਰਹਿਣੀ।

ਓਸੇ ਅੱਖ ਨੂੰ ਸੱਭ ਕੁਝ ਦਿਸਣਾ,
ਜਿਸ ਵਿਚ ਨਾਮ ਖੁਮਾਰੀ ਰਹਿਣੀ।

ਅਸਾਂ ਕਲਪਨਾ ਦੇ ਸੰਗ ਉਡਨਾ;
ਆਪਣੀ ਇਹੀ ਸਵਾਰੀ ਰਹਿਣੀ।

ਜੋ ਸੰਕਲਪ ਤੋਂ ਵੱਡੀ ਹੋਈ,
ਉਹੀ ਮੁਸੀਬਤ ਭਾਰੀ ਰਹਿਣੀ।

ਕਦ ਤਕ ਚੁੱਪ ਰਹੇਂਗਾ 'ਪੰਛੀ'
ਕਦ ਤਕ ਬੰਦ ਅਲਮਾਰੀ ਰਹਿਣੀ।

**ਜੇਠੀ ਨਗਰ ਮਾਲੇਰਕੋਟਲਾ ਰੋਡ,**
**ਖੰਨਾ-141401 ਪੰਜਾਬ**
**94170-91668**

◆◆◆

## ਹਰਪ੍ਰੀਤ ਸਿੰਮੀ ਗੁਰਦਾਸਪੁਰ

ਤਮਾਸ਼ਾ ਜ਼ਿੰਦਗੀ ਹੋਈ ਤਾਂ ਕੁੱਲ ਦੁਨੀਆ ਤਮਾਸ਼ਾਈ।
ਭਰੇ ਬਾਜ਼ਾਰ ਵਿਚ ਹਾਂ ਮੈਂ ਮਗਰ ਫਿਰ ਵੀ ਹੈ ਤਨਹਾਈ।

ਲਕੀਰਾਂ ਹੱਥ ਦੀਆਂ ਜਦ ਵੇਖਦੀ ਤਾਂ ਸੋਚਦੀ ਅਕਸਰ,
ਹੈ ਕਿਉਂ ਗ਼ੁਰਬਤ ਹਮੇਸ਼ਾ ਵਾਸਤੇ ਸਾਡੇ ਨਸੀਬ ਆਈ।

ਸ਼ਮ੍ਹਾਂ ਹਾਂ ਮੈਂ ਮੇਰੀ ਫਿਤਰਤ ਜਲਾ ਕੇ ਖ਼ੁਦ ਨੂੰ ਮਿਟ ਜਾਣਾ,
ਜਦੋਂ ਤਕ ਵੀ ਰਹੀ ਬਦਲੀ ਸਦਾ ਦੁਨੀਆ ਹੈ ਰੁਸ਼ਨਾਈ।

ਹਵਾ ਵਿਚ ਜ਼ਹਿਰ ਹੈ ਭਰਿਆ ਤੇ ਖ਼ਤਰੇ ਵਿਚ ਬਹਾਰਾਂ ਨੇ,

ਬੰਦੇ ਨੇ
ਪਰ 2
ਜਿਹਨ
ਵਿਚ
ਇੱਕ
ਸਮ
ਦੂਸਰਾ
ਜੰਗਲ

ਖ਼ਿਜ਼ਾਂ ਏ ਵੇਖ ਕੇ ਮੰਜ਼ਰ ਸ਼ਰੀਕਾਂ ਵਾਂਗ ਮੁਸਕਾਈ।

ਹਵਾ ਨੇ ਚਿਣਗ ਇਕ ਵੇਖੀ ਤਾਂ ਫਿਰ ਭਾਂਬੜ ਮਚਾ ਦਿੱਤਾ।
ਮਿਰੀ ਬਸਤੀ ਹੈ ਰਾਖ ਹੋਈ ਕੋਈ ਆਖੇ ਹੈ ਰੁਸ਼ਨਾਈ।
ਹਨੇਰੀ ਆ ਗਈ ਐਸੀ ਤਬਾਹ ਹੋਇਆ ਚਮਨ ਸਾਰਾ,
ਬਿਨਾਂ ਫੁੱਲਾਂ ਦੇ 'ਸਿੰਮੀ' ਬਾਗ਼ ਵਿਚ ਹਰ ਡਾਲ ਮੁਰਝਾਈ।

ਮੋ. 87258-36884

◆◆◆

## ਸੁਭਾਸ਼ 'ਦੀਵਾਨਾ'

ਜਿੰਦਾਂ ਕੁਕੜੀ ਹੋਂਦ ਜਿਤਾਵੇ ਕੁੜ-ਕੁੜ ਕਰਕੇ।
ਰੱਬ ਦੀ ਭਗਤੀ ਕਰਦੈ ਬੰਦਾ ਬੁੜ-ਬੁੜ ਕਰਕੇ।

ਕਿੱਥੇ ਪਚਦੀ ਹੈ ਕੋਈ ਗੱਲ ਮੈਨੂੰ ਯਾਰੋ,
ਢਿੱਡ ਵਿਚ ਸ਼ੋਰ ਮਚਾਉਂਦੀ ਰਹਿੰਦੀ ਗੁੜ-ਗੁੜ ਕਰਕੇ।

ਚੰਦ ਘਰੀਂ ਤੇ ਮਹਿਲੀਂ ਕਰਦੈ ਖਾਸ ਨਵਾਜ਼ਿਸ਼,
ਧਨ ਦਾ ਬੱਦਲ ਓਥੇ ਵੱਸੇ ਘੁੜ- ਮੁੜ ਕਰਕੇ।

ਨਿੱਕੀ-ਨਿੱਕੀ ਗੱਲ ਨੂੰ ਦਿਲ 'ਤੇ ਲਾ ਬਹਿਨਾਂ ਏਂ,
ਆਪੇ ਮਰ ਜਾਏਂਗਾ ਓੜਕ ਚੁੜ-ਚੁੜ ਕਰਕੇ।

ਇਹ ਅਭਿਆਸ ਤੇ ਦੁਹਰਾਓ ਵੀ ਜਾਦੂ ਹੈ ਇਕ,
ਮੋਟੀ ਬੁੱਧ ਵੀ ਸਿੱਖ ਜਾਂਦੀ ਹੈ ਮੁੜ-ਮੁੜ ਕਰਕੇ।

ਅਕਸਰ ਚਿੰਤਾ ਘੇਰ ਕੇ ਰੱਖਦੀ ਹੈ ਬੰਦੇ ਨੂੰ,
ਦਿਲ ਨੂੰ ਧੁੜਕੂ ਲੱਗਾ ਰਹਿੰਦਾ ਧੁੜ-ਧੁੜ ਕਰਕੇ।

ਚਾਹ ਪੀਂਦੇ ਨੂੰ ਦੇਖ ਕੇ ਹੱਸੇ ਪੋਤਾ ਮੇਰਾ,
ਵੇਖੋ ਦਾਦੂ ਚਾਹ ਪੀਂਦਾ ਹੈ ਸੁੜ-ਸੁੜ ਕਰਕੇ।

313/13, **ਗੋਪਾਲ ਨਗਰ**,
**ਗੁਰਦਾਸਪੁਰ।** 143521, ਮੋ. 98888-29666

◆◆◆

## ਰਣਬੀਰ ਆਕਾਸ਼

ਜ਼ਿੰਦਗੀ ਫ਼ਿਰ ਤੋਂ ਜ਼ਿੰਦਗੀ ਹੋਈ।
ਸ਼ਾਖ ਸੁੱਕੀ ਸੀ ਫ਼ਿਰ ਹਰੀ ਹੋਈ।

ਸੀ ਹਨ੍ਹੇਰਾ ਹੀ ਚਾਰਸੂ ਯਾਰੋ,
ਬਾਅਦ ਮੁੱਦਤ ਹੈ ਰੋਸ਼ਨੀ ਹੋਈ।

ਮੈਂ ਪਿਆਸਾ ਬੇ-ਦਮ ਪਰਿੰਦਾ ਹਾਂ,
ਤੂੰ ਨਦੀ ਹੈ ਜੋ ਲਾਜ਼ਮੀ ਹੋਈ।

ਲਾਟ ਦੀਵੇ ਦੀ ਵੇਖਦੇ ਹੀ ਹਵਾ,
ਲੰਘਦੀ ਹੈ ਉਹ ਪਰਖ਼ਦੀ ਹੋਈ।

ਦਿਲ ਦੇ ਇਸ ਮਾਰੂਥਲ'ਚ ਅਜ਼ਲਾਂ ਤੋਂ,
ਏਨੀ ਬਾਰਿਸ਼ ਨਾ ਸੀ ਕਦੀ ਹੋਈ।

ਜ਼ਖ਼ਮ ਖਾ ਕੇ ਵੀ ਤੇਰੀ ਚੌਖਟ 'ਤੇ,
ਕਿਉਂ ਹਮੇਸ਼ਾ ਹੀ ਬੰਦਗੀ ਹੋਈ।

ਦਾਸਤਾਂ ਮੇਰੀ ਪੜ੍ਹ ਸਕੋ ਜੇਕਰ,
ਅੱਖੀਆਂ ਵਿੱਚ ਹੈ ਤੈਰਦੀ ਹੋਈ।

ਦੂਰ ਵੀ ਨਾ ਹੈ, ਕੋਲ ਵੀ ਨਾ ਹੈ,
ਇਹ ਮੁਹੱਬਤ ਦੀ ਬੇਵਸੀ ਹੋਈ।

ਕੋਲ ਮੇਰੇ 'ਆਕਾਸ਼' ਹੈ ਸਾਰਾ,
ਪਰ ਸਦਾ ਤੇਰੀ ਹੀ ਕਮੀ ਹੋਈ।

**ਫ਼ੋਨ** 98765-82400

◆◆◆

## ਰਾਜ ਗੁਰਦਾਸਪੁਰੀ

ਹਰਿਕ ਥਾਂ 'ਤੇ ਨਾਕੇ ਤੇਰੇ ਜਾਣ ਪਿੱਛੋਂ।
ਪਏ ਫਿਰ ਵੀ ਡਾਕੇ ਤੇਰੇ ਜਾਣ ਪਿੱਛੋਂ।

ਨਸ਼ਾ ਪੀ ਕੇ ਕਰਦੈ ਜਿਵੇਂ ਮਨ 'ਚ ਆਵੇ,
ਉਹਨੂੰ ਕੌਣ ਠਾਕੇ ਤੇਰੇ ਜਾਣ ਪਿੱਛੋਂ।

ਮਹੀਨੇ ਦਾ ਸਰਕਾਰੀ ਰਾਸ਼ਨ ਨਾ ਮਿਲਿਆ,
ਰਿਹਾ ਰੋਜ ਫਾਕੇ ਤੇਰੇ ਜਾਣ ਪਿੱਛੋਂ।

ਉਡਾਉਂਦੇ ਨੇ ਖਿੱਲੀ ਗਰੀਬਾਂ ਦੀ ਹੱਸ ਹੱਸ ,
ਅਮੀਰਾਂ ਦੇ ਕਾਕੇ ਤੇਰੇ ਜਾਣ ਪਿੱਛੋਂ।

ਮਨਾਈ ਦੀਵਾਲੀ ਨਾ ਦੀਵੇ ਜਗਾਏ ,
ਨਾ ਚੱਲੇ ਪਟਾਕੇ ਤੇਰੇ ਜਾਣ ਪਿੱਛੋਂ।

ਜਿਵੇਂ ਹਾਂ ਲਵਾਰਿਸ ਪਿਆ ਘਰ ਦੇ ਖੂੰਝੇ ,
ਕੋਈ ਵੀ ਨਾ ਝਾਕੇ ਤੇਰੇ ਜਾਣ ਪਿੱਛੋਂ।

ਨਾ ਪੱਕੀ ਪਕਾਈ ਮਿਲੇ 'ਰਾਜ਼' ਰੋਟੀ ,
ਨਾ ਲੱਗੇ ਚਟਾਕੇ ਤੇਰੇ ਜਾਣ ਪਿੱਛੋਂ।

ਮੋ. 7508913308

**ਸੁਰਜੀਤ ਦੇਵਲ**

ਸ਼ਿਕਵਾ ਤੇਰਾ ਦਿਲ ਮੇਰਾ, ਮੇਰੇ ਮਹਿਬੂਬ ਕਬੂਲ ਕਰੇ।
ਨਾ ਤੜਫਾਵੋ ਨਾ ਤੜਫਾਵੋ ਸਾਥੋਂ ਜਾ ਕੇ ਹੋਰ ਪਰੇ।

ਘੁੰਘ ਦਬਾ ਕੇ ਲੰਘਣ ਲੱਗੀ ਨੂੰ ਯਾਰ ਦੇ ਜਦ ਦਰ ਅੱਗੋਂ,
ਝਾਂਜਰ ਤੇਰੀ ਪਰ ਛਣਕ ਪਈ ਤੂੰ ਪੈਰ ਬੜੇ ਬੋਚ ਧਰੇ।

ਦੱਸ ਭਲਾ ਕੀ ਖੱਟਿਆ ਖੁਸ਼ਬੂ ਤੇ ਹੱਕ ਜਮਾ ਕੇ ਓ ਦਿਲਾ,
ਵਿੱਚ ਹਵਾ ਦੇ ਉੱਡ ਗਈ ਜਦ ਕਾਤ੍ਹੋਂ ਹੁਣ ਤੂੰ ਨੈਣ ਭਰੇ।

ਯਾਦਾਂ ਤੇਰੀਆਂ ਕਰਨ ਇਬਾਦਤ ਮੇਰੇ ਦਿਲ ਦੇ ਕਾਬੇ,
ਉਠੀ ਤਾਂਘ ਵਸਲ ਦੀ ਹਿਰਦਿਓਂ ਪਲ ਨਾ ਤੇਰਾ ਹਿਜਰ ਜਰੇ।

ਪਾਕ ਮੁਹੱਬਤ ਦਾ ਉਸ ਨੇ ਕੀ ਯਾਰੋ ਮੁੱਲ ਭਲਾ ਪਾਉਣਾ,
ਹੋਣ ਸਲਾਮਾਂ ਹਰ ਮੋੜ ਤੇ ਜਿਸ ਨੂੰ ਨਵਿਆਂ ਤੇ ਡੰਗ ਸਰੇ।

ਵੇਖਾਂ ਹੁਸਨ ਦੇ ਰਾਹਾਂ ਵਿੱਚ ਮੈਂ ਨਿਤ ਇਸ਼ਕ ਪਿਆ ਖ਼ਾਕ ਬਣੇ,
ਸੂਲੀ ਚੜ੍ਹਨੋ ਵੇਖ ਵਡ਼ਾ ਦੀ "ਦੇਵਲ", ਨਾ ਉਹ ਇਸ਼ਕ ਡਰੇ।

**ਮੋ. 92563-67202**

# ਗੀਤਾਂ ਦੀ ਗੂੰਜ

## ਨਵੇਂ ਸਾਲ ਦੀ ਆਮਦ 'ਤੇ

**ਪ੍ਰਤਾਪ ਪਾਰਸ ਗੁਰਦਾਸਪੁਰੀ**

ਬਿਰਖਾਂ ਨੇ ਨਗਮੇ ਗਾਏ ਨੇ, ਪੌਣਾਂ ਨੇ ਸਾਜ ਵਜਾਇਆ ਏ।
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਅੱਜ ਲੱਗਦਾ ਰਾਤ ਸੁਹਾਣੀ ਨੇ, ਚਾਨਣ ਦਾ ਦਿੱਤਾ ਛੱਟਾ ਏ,
ਇਕ ਨਵੀਂ ਨਵੇਲੀ ਦੁਲਹਨ ਨੇ, ਜਿਉਂ ਓੜ੍ਹਿਆ ਹੋਏ ਦੁਪੱਟਾ ਏ,
ਫੁੱਲਾਂ ਨੇ ਇਸ ਚੌਗਿਰਦੇ ਨੂੰ, ਇਤਰਾਂ ਦੇ ਨਾਲ ਨੁਹਾਇਆ ਏ--
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਕੋਈ ਛਿੜਿਆ ਰਾਗ ਇਲਾਹੀ ਏ, ਚੜ੍ਹ ਗਈ ਜਿਉਂ ਲੋਰ ਫਿਜ਼ਾਵਾਂ ਨੂੰ,
ਮਦਹੋਸ਼ ਪਰਿੰਦੇ ਫਿਰਦੇ ਨੇ, ਮਾਨਣ ਜਿਉਂ ਖ਼ੁਸ਼ੀਆਂ ਚਾਵਾਂ ਨੂੰ,
ਸਰਦਲ 'ਤੇ ਕੋਈ ਆਣ ਖੜ੍ਹਾ, ਜੋ ਸਾਹਾਂ ਵਿਚ ਸਮਾਇਆ ਏ--
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਇਹ ਤੁਪਕੇ ਇੰਝ ਤਰੇਲਾਂ ਦੇ, ਸਿੱਪੀਆਂ ਵਿਚ ਠਹਿਰੇ ਮੋਤੀ ਨੇ,
ਸੋਨੇ ਦੇ ਜਗਦੇ ਦੀਵੇ ਵਿਚ, ਰੰਗ ਬੰਨਿਆ ਜੀਕਣ ਜੋਤੀ ਨੇ,
ਸੂਰਜ ਦੀਆਂ ਕਿਰਨਾਂ ਨੇ ਸੋਹਣਾ, ਫੁੱਲ ਬੂਟਿਆਂ ਤਾਈਂ ਬਣਾਇਆ ਏ
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

ਭੰਵਰੇ ਮਤਵਾਲੇ ਹੋਏ ਨੇ, ਬਾਗਾਂ ਵਿਚ ਵੇਖ ਬਹਾਰਾਂ ਨੂੰ,
ਉਹ ਚੁੰਮਣ-ਚੁੰਮਣ ਖੇਡ ਰਹੇ, ਸਭ ਭੁੱਲਕੇ ਚੋਭਾਂ,ਖਾਰਾਂ ਨੂੰ,
'ਪਾਰਸ' ਨੇ ਕਾਦਰ,ਕੁਦਰਤ ਨੂੰ, ਸ਼ਬਦਾਂ ਦਾ ਅਰਗ ਚੜ੍ਹਾਇਆ ਏ-
ਅੱਜ ਮੱਥਾ ਚੁੰਮ ਕੇ ਮਹਿਕਾਂ ਦਾ, ਧਰਤੀ 'ਤੇ ਸੂਰਜ ਆਇਆ ਏ।

**787/10 ਪ੍ਰੇਮ ਨਗਰ,**
**ਹਰਦੋਛੰਨੀ ਰੋਡ ਗੁਰਦਾਸਪੁਰ।**
**ਫੋਨ 99888-11681**

◆◆◆

## ਮੈਂ ਇਹ ਕਿਤਾਬ ਪੜ੍ਹਾਂਗਾ

**ਸਤਵਿੰਦਰ ਬੇਗੋਵਾਲੀਆ**

ਮੈਂ ਇਹ ਕਿਤਾਬ ਪੜ੍ਹਾਂਗਾ
ਇਹਦਾ ਸਤਿਕਾਰ ਕਰਾਂਗਾ।
ਨਿੱਤ ਦੀਦਾਰ ਕਰਾਂਗਾ।
ਮੈਂ ਇਹ ਕਿਤਾਬ ਪੜ੍ਹਾਂਗਾ।

ਇਹ ਅੱਖਰਾਂ ਦਾ ਹੈ ਚਾਨਣ
ਲੈ ਕੇ ਲੋਕ ਖ਼ੁਸ਼ੀਆਂ ਮਾਨਣ।
ਇਹਦੇ ਹਰ ਸਫ਼ੇ ਸਤਰ ਨੂੰ
ਮੈਂ ਪਿਆਰ ਕਰਾਂਗਾ।
ਮੈਂ ਇਹ ਕਿਤਾਬ.....

ਇਹ ਮੇਰੇ ਦੇਸ਼ ਦੀ ਕਵਿਤਾ
ਇਹ ਲੋਕਾਂ ਦੀ ਕਹਾਣੀ
ਯਾਦ ਕਰ ਕੇ ਜ਼ੁਬਾਨੀ
ਮੈਂ ਖਿਆਲ ਧਰਾਂਗਾ।
ਮੈਂ ਇਹ ਕਿਤਾਬ.....

ਇਹ ਸਿੱਖਿਆ ਦਾ ਹੈ ਮੰਦਰ
ਲੰਡਨ ਜਾਂ ਜਲੰਧਰ।
ਜੋ ਪੜ੍ਹਦੇ ਬਨਣ ਸਿਕੰਦਰ
ਮੈਂ ਵੀ ਤਿਆਰ ਕਰਾਂਗਾ।
ਮੈਂ ਇਹ ਕਿਤਾਬ.....